# ਨਹੀਂ ਰੁਕਦੇ ਦਰਿਆ

## (ਗ਼ਜ਼ਲ ਸੰਗ੍ਰਹਿ)

# ਨਹੀਂ ਰੁਕਦੇ ਦਰਿਆ

## (ਗ਼ਜ਼ਲ ਸੰਗ੍ਰਹਿ)

**ਕਰਮ ਸਿੰਘ ਕਰਮ**

*Punjabi Poetry/Ghazals*

ISBN : 978-93-5017- 911-6
Price : 150/-

**Nahin Rukde Daria**

*By*

**Karam Singh Karam**
H No 163, Ward No 3
Punjab Kaur Park Street
Moga Road, Bagha Purana, Distt. Moga
karamgholia@ymail.com
Mobile: 94179-16009

Illustration & Tital: Amarjot Gill

2012
Lokgeet Parkashan
S.C.O. 26-27, Sector 34 A, Chandigarh-160022
Ph.0172-5077427, 5077428
Punjabi Bhawan Ludhiana,
98154-71219
Type Setting & Design PCIS
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
Mob: 98154-71219

©, *Karam Singh Karm*
*Produced and bound in India*

*All rights reserved*
*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

"ਇਹ ਮੇਰੇ ਜਜ਼ਬਾਤ ਨੇ ਦਿਲ ਦੇ

ਇਹ ਮੇਰਾ ਆਪਣਾ ਅਨੁਭਵ ਹੈ।"

–ਕਰਮ ਸਿੰਘ ਕਰਮ

# ਨਿਆਰੀ ਸ਼ਵੀ ਅਤੇ ਆਭਾ ਦਾ ਲਖਾਇਕ ਗ਼ਜ਼ਲਕਾਰ

ਕਰਮ ਸਿੰਘ ਕਰਮ ਅਜਿਹਾ ਕਲਮਕਾਰ ਹੈ ਜੋ ਲੰਬੇ ਅਰਸੇ ਤੋਂ ਕਾਵਿ- ਖੇਤਰ ਨਾਲ ਜੁੜਿਆ ਹੋਇਆ ਹੈ। ਕਵਿਤਾ ਦੀ ਅਹਿਮ ਸਿਨਫ਼ ਗ਼ਜ਼ਲ ਉਸਦੀ ਮਨਭਾਉਂਦੀ ਸਿਨਫ਼ ਹੈ। ਵਿਚਾਰਾਂ ਨੂੰ ਸ਼ਬਦਾਂ ਵਿੱਚ ਬੰਨ੍ਹਣਾ ਇਕ ਕਠਿਨ ਕਾਰਜ ਹੁੰਦਾ ਹੈ ਪਰੰਤੂ ਕਰਮ ਆਪਣੇ ਵਿਚਾਰਾਂ ਨੂੰ ਬੜੇ ਖ਼ੂਬਸੂਰਤ ਅਤੇ ਸਰਲਭਾਵੀ ਸ਼ਬਦਾਂ ਵਿੱਚ ਜੜ ਕੇ ਗ਼ਜ਼ਲ ਨੂੰ ਗ਼ੌਰਤਲਬ ਅਤੇ ਮਹੱਤਵਸ਼ਾਲੀ ਬਣਾ ਦਿੰਦਾ ਹੈ। ਵਿਭਿੰਨ ਸਮਾਜਕ ਮਸਲੇ, ਸੰਕਟ ਜੋ ਵਿਆਪਕ ਹਨ, ਉਹਨਾਂ ਨੂੰ ਕਰਮ ਸਿੰਘ ਕਰਮ ਪਕੜਣ ਵਿੱਚ ਸਫ਼ਲ ਹੋਇਆ ਹੈ। ਮਾਨਵੀ ਭਾਵਨਾਵਾਂ, ਕਾਮਨਾਵਾਂ, ਇੱਛਾਵਾਂ-ਆਕਾਂਖਿਆਵਾਂ, ਜਜ਼ਬਿਆਂ, ਗੁੱਸਿਆਂ ਗਿਲਿਆਂ-ਸ਼ਿਕਵਿਆਂ, ਹੇਰਵਿਆਂ ਵਰਗੇ ਸਰੋਕਾਰ ਵੀ ਉਸਦੇ ਸ਼ਿਅਰਾਂ 'ਚ ਉਪਲਭਧ ਹਨ। ਵਸਤੂ-ਸਥਿਤੀ ਦੇ ਯਥਾਰਥ ਦੀ ਅਭਿਵਿਅਕਤੀ ਸਮੇਂ ਕਰਮ ਪ੍ਰਸ਼ਨ, ਸੰਕੇਤ, ਵਿਅੰਗ, ਕਰੁਣਾ-ਵਿਡੰਬਨਾ, ਆਲੋਚਨਾ ਆਦਿ ਕਾਵਿਕ-ਜੁਗਤਾਂ ਦੀ ਵਰਤੋਂ ਕਰਦਾ ਹੈ। ਕਰਮ ਹਰ ਸ਼ਿਅਰ ਨੂੰ ਅਲੰਕਾਰਾਂ-ਬਿੰਬਾਂ, ਪ੍ਰਤੀਕਾਂ ਨਾਲ ਸ਼ਿੰਗਾਰਨ ਦਾ ਮਾਹਿਰ ਕਵੀ ਹੈ। ਮੇਰੀ ਧਾਰਨਾ ਅਤੇ ਸਮਝ ਅਨੁਸਾਰ ਕਰਮ ਦੀਆਂ ਗ਼ਜ਼ਲਾਂ ਦਾ ਰੰਗ-ਰੂਪ ਵਚਿੱਤਰ, ਵਿਲੱਖਣ ਅਤੇ ਅਲੋਕਾਰੀ ਹੈ। ਉਸਦੀ ਇਹ ਵਚਿੱਤਰਤਾ, ਵਿਲੱਖਣਤਾ, ਪਾਠਕ ਵਰਗ ਨੂੰ ਪ੍ਰਭਾਵਿਤ ਕਰੇਗੀ। ਦੂਜੇ ਸ਼ਬਦਾਂ ਵਿੱਚ ਉਸਦਾ ਇਹ ਨਿਆਰਾਪਣ ਹੀ ਉਸਦੀ ਗ਼ਜ਼ਲਕਾਰ ਦੇ ਤੌਰ ਤੇ ਸ਼ਵੀ ਅਤੇ ਆਭਾ ਵਧਾਏਗਾ।

ਡਾ. ਸੁਰਜੀਤ ਬਰਾੜ
ਘੋਲੀਆ ਕਲਾਂ।
98553-71313

ਕਰਮ ਸਿੰਘ ਕਰਮ ਨੂੰ ਦਿਲ ਦੀ ਕਹਿਣ ਲਈ ਜਦੋਂ ਕੋਈ ਨਾ ਮਿਲਿਆ ਤਾਂ ਉਸ ਚੁੱਪ-ਚਪੀਤੇ ਹੀ ਕੋਰੇ ਵਰਕਿਆਂ ’ਤੇ ਦਿਲ ਦੀਆਂ ਬਾਤਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਅਛੋਪਲੇ ਕਾਰਜ ਦਾ ਨਤੀਜਾ ਗ਼ਜ਼ਲਾਂ ਦੀ ਪੁਸਤਕ ‘ਨਹੀਂ ਰੁਕਦੇ ਦਰਿਆ’ ਪਾਠਕਾਂ ਸਨਮੁੱਖ ਆਈ। ਇਹ ਰਚਨਾਵਾਂ ਜਿੱਥੇ ਜ਼ਿੰਦਗੀ ਨਾਲ ਬਾਵਸਤਾ ਬਹੁਤ ਸਾਰੇ ਪਹਿਲੂ ਬਿਆਨ ਕਰਦੀਆਂ ਹਨ, ਉੱਥੇ ਇਕ ਗੱਲ ਬੜੀ ਉੱਭਰ ਕੇ ਸਾਹਮਣੇ ਆਈ ਹੈ। ਉਹ ਹੈ ‘ ਬੰਦੇ ’ ਦੇ ਅੰਦਰਲੇ ਤੇ ਬਾਹਰਲੇ ਸੰਸਾਰ ਦੀ ਨਕਸ਼ਾ- ਨਵੀਸੀ। ਬਾਹਰੀ ਤੌਰ ’ਤੇ ਬੰਦਾ ਦੁੱਖਾਂ ਦਾ ਸ਼ਿਕਾਰ ਹੈ। ਪਰਿਵਾਰ, ਸਰਕਾਰ, ਦਰਬਾਰ ਕੋਈ ਵੀ ਉਹਦੇ ਦੁੱਖ ਹਰਨ ਦੀ ਗੱਲ ਨਹੀਂ ਕਰਦਾ। ਰੌਣਕਾਂ ਦੀ ਥਾਂ ਜੀਵਨ ਵਿੱਚ ਸੰਨਾਟਾ ਹੈ। ਰਿਸ਼ਤਿਆਂ ਵਿਚ ਵਿੱਥਾਂ ਪੈ ਰਹੀਆਂ ਹਨ। ਧਰਮ ਦੇ ਨਾਂ ’ਤੇ ਖ਼ੂਨੀ ਹੋਲੀ ਖੇਡੀ ਜਾ ਰਹੀ ਹੈ। ਅਮੀਰੀ- ਗ਼ਰੀਬੀ ਦਾ ਪਾੜਾ ਵਧਦਾ ਜਾ ਰਿਹਾ ਹੈ। ਇਕ ਪਾਸੇ ਬੰਦਾ ਸੋਚਾਂ ਤੋਂ ਅਪਾਹਜ ਹੁੰਦਾ ਜਾ ਰਿਹਾ ਹੈ ਤੇ ਦੂਜੇ ਪਾਸੇ ਮਨਾਂ ਵਿਚ ਰੋਸੇ, ਵੈਰ, ਨਫ਼ਰਤਾਂ, ਗ਼ਲਤ-ਫ਼ਹਿਮੀਆਂ, ਤੇਰ-ਮੇਰ ਦੀ ਭਾਵਨਾ ਆਦਿ ਬਦਸਲੂਕੀਆਂ ਤੇ ਬਦਨੀਤੀਆਂ ਵਧਦੀਆਂ ਜਾ ਰਹੀਆਂ ਹਨ। ਇਸੇ ਕਾਰਨ ਉਹ ਅੰਦਰੋਂ ਬਾਹਰੋਂ ਟੁੱਟ ਰਿਹਾ ਹੈ। ਉਹ ਦੀਨ-ਈਮਾਨ ਤੋਂ ਕੋਰਾ ਹੋ ਰਿਹਾ ਹੈ। ਉਹਦੇ ਚਾਅ ਮਰਦੇ ਜਾ ਰਹੇ ਹਨ। ਇਸ ਸਭ ਕੁਝ ਦੇ ਬਾਵਜੂਦ ਵੀ ਇਸ ਪੁਸਤਕ ਦੀ ਆਸ਼ਾਵਾਦੀ ਸੁਰ ਬੰਦੇ ਨੂੰ ਜਿਉਣ ਲਈ ਹੁੰਗਾਰਾ ਤੇ ਹੁਲਾਰਾ ਬਣਦੀ ਹੈ। ਇਸ ਸੁਚੇਤ, ਸੁਹਿਰਦ ਤੇ ਸੰਵੇਦਨਸ਼ੀਲ ਸ਼ਾਇਰ ਦਾ ਪੰਜਾਬੀ ਕਾਵਿ-ਪਿੜ ਵਿਚ ਆਉਣ ’ਤੇ ਭਰਪੂਰ ਸੁਆਗਤ ਹੈ।

ਪ੍ਰੋ. ਰਵਿੰਦਰ ਭੱਠਲ
ਸਾਬਕਾ ਜਨਰਲ ਸਕੱਤਰ
ਪੰਜਾਬੀ ਸਾਹਿਤ ਅਕਾਦਮੀ
ਲੁਧਿਆਣਾ।

# ਮੇਰੇ ਵੱਲੋਂ

ਸਭ ਤੋਂ ਪਹਿਲਾਂ ਮੈਂ ਉਸ ਗੈਬੀ ਸ਼ਕਤੀ ਦਾ ਧੰਨਵਾਦ ਕਰਦਾ ਹਾਂ ਜਿਸਨੇ ਇਹ ਦਾਤ ਮੇਰੀ ਝੋਲੀ ਵਿੱਚ ਪਾਈ। ਉਂਞ ਮੈਂ ਕੋਈ ਕਵੀ ਨਹੀਂ ਹਾਂ ਜੀਵਨ ਦੇ ਸਫ਼ਰ ਦੀਆਂ ਘਟਨਾਵਾਂ ਜਦੋਂ ਮੇਰੇ ਸਾਹਮਣੇ ਆਣ ਖੜੋਂਦੀਆਂ ਨੇ ਤਾਂ ਮੇਰੇ ਦਿਲ ਦੇ ਅਰਮਾਨ ਤੇ ਮੇਰਾ ਅਨੁਭਵ ਮਿਲ ਕੇ ਦਿਲ 'ਚੋਂ ਵਲਵਲੇ ਉਠਦੇ ਹਨ ਤੇ ਆਪ ਮੁਹਾਰੇ ਹੀ ਮੇਰਾ ਅੰਤਾਕਰਨ ਗੁਨਗੁਨਾਉਣ ਲੱਗ ਪੈਂਦਾ ਹੈ ਫਿਰ ਮੈਨੂੰ ਪਤਾ ਹੀ ਨਹੀਂ ਲਗਦਾ ਕਦੋਂ ਉਹ ਵਲਵਲੇ ਕਾਗਜ਼ ਤੇ ਉਕਰਦੇ ਹੋਏ ਗ਼ਜ਼ਲ ਜਾਂ ਗੀਤ ਦਾ ਰੂਪ ਧਾਰਨ ਕਰ ਲੈਂਦੇ ਹਨ ।

ਛੋਟੀ ਉਮਰੇ ਹੀ ਮੇਰੇ ਸਿਰ ਤੋਂ ਪਿਤਾ ਦਾ ਸਾਇਆ ਉਠ ਗਿਆ ਮੈਂ ਯਤੀਮਾਂ ਵਾਂਗ ਭਟਕਦਾ ਹੋਇਆ ਲੜਖੜਾਂਦੇ ਪੈਰਾਂ ਤੇ ਚਲਦਾ ਰਿਹਾ ਪਰ ਕਿਸੇ ਨੇ ਮੇਰੀ ਬਾਂਹ ਨਾ ਫੜੀ ਤੇ ਮੈਂ ਆਪਣੇ ਹੰਝੂ ਆਪਣੇ ਅੰਦਰ ਸਮੋ ਕੇ ਰੱਖਣ ਦੀ ਜਾਚ ਸਿਖਦਾ ਗਿਆ। ਦਸ ਸਾਲ ਦੀ ਉਮਰ ਵਿੱਚ ਹੀ ਮੇਰੇ ਅੰਦਰ ਕਵਿਤਾ ਨੇ ਜਨਮ ਲਿਆ, ਟੁੱਟੇ-ਫੁੱਟੇ ਸ਼ਬਦਾਂ ਵਿਚ ਗੀਤ ਲਿਖ ਕੇ ਆਪਣੇ ਗ਼ਮਗੀਨ ਦਿਲ ਨੂੰ ਹੌਂਸਲਾ ਦੇਣ ਦਾ ਯਤਨ ਕਰਦਾ ਰਿਹਾ। ਜੀਵਨ ਵਿਚ ਕਈ ਤਰ੍ਹਾਂ ਦੇ ਉਤਰਾ-ਚੜ੍ਹਾ ਆਏ ਮੁਸੀਬਤਾਂ ਨਾਲ ਜੂਝਦਾ ਰਿਹਾ ਪਰ ਮੈਂ ਹਿੰਮਤ ਨਾ ਹਾਰੀ। ਅੱਜ ਜਦੋਂ ਮੈਂ ਪਿਛਾਂਹ ਵੱਲ ਝਾਤ ਮਾਰਦਾ ਹਾਂ ਉਸ ਨਿੱਕੇ ਮਾਸੂਮ ਬੱਚੇ ਨੂੰ ਸਲੀਬ ਤੇ ਟੰਗਿਆ ਮਹਿਸੂਸ ਕਰਦਾ ਹਾਂ ਅਤੇ ਜਦੋਂ ਅੱਗੇ ਵੱਲ ਵੇਖਦਾ ਹਾਂ ਤਾਂ ਇਕ ਮੁਸਕਾਉਂਦੀ ਹੋਈ ਜ਼ਿੰਦਗੀ ਮੈਨੂੰ ਆਪਣੇ ਕਲਾਵੇ ਵਿਚ ਲੈ ਕੇ ਅੱਗੇ ਵਧਦੀ ਨਜ਼ਰ ਆਉਂਦੀ ਹੈ ਜਿਵੇਂ ਕੋਈ ਮੇਰੀ ਬਾਂਹ ਫੜ ਕੇ ਸਹੀ ਮੰਜ਼ਿਲ ਵੱਲ ਲਈ ਜਾਂਦਾ ਹੋਇਆ ਜ਼ਿੰਦਗੀ ਜੀਣ ਦੇ ਅਸਲੀ ਅਰਥ ਦੱਸ ਰਿਹਾ ਹੋਵੇ। ਹੁਣ ਮੈਂ ਧਰਮਾਂ ਤੇ ਮਜ਼ਹਬਾਂ ਦੇ ਬੰਧਨਾਂ ਤੋਂ ਮੁਕਤ ਹਾਂ, ਤਕੜੇ-ਮਾੜੇ ਦੀ ਵਿੱਥ ਮੇਰੇ ਅੰਦਰ ਨਹੀਂ ਹੈ ਮੈਨੂੰ ਸਮੁੱਚੀ ਮਾਨਵਤਾ ਨਾਲ ਪਿਆਰ ਹੈ। ਜਦੋਂ ਵੀ ਕਿਸੇ ਗਰੀਬ ਦੀ ਮਜ਼ਬੂਰੀ, ਕਿਸੇ ਔਰਤ ਦੀ ਬੇਵਸੀ ਅਤੇ ਕਿਸੇ ਬਜ਼ੁਰਗ ਦੀ ਲਾਚਾਰੀ ਮੇਰੇ ਸਾਹਮਣੇ ਆਉਂਦੀ ਹੈ ਤਾਂ ਮੇਰੇ ਦਿਲ 'ਚ ਚੀਸ ਉੱਠਦੀ ਹੈ ਤੇ ਉਹ ਗਜ਼ਲ, ਗੀਤ ਜਾਂ ਕਵਿਤਾ ਦਾ ਰੂਪ ਧਾਰ ਲੈਂਦੀ ਹੈ।

ਇਹ ਪੁਸਤਕ ਮੇਰੀ ਪਹਿਲੀ ਕੋਸ਼ਿਸ਼ ਹੈ ਇਸ ਬਾਰੇ ਠੀਕ-ਗ਼ਲਤ ਦਾ ਨਿਰਣਾ ਮੈਂ ਪਾਠਕਾਂ ਉੱਪਰ ਛੱਡਦਾ ਹਾਂ ਜੋ ਮੈਨੂੰ ਆਪਣੀ ਸੋਚ ਦੀ ਕਸਵੱਟੀ ਤੇ ਪਰਖ ਕੇ ਮੇਰੇ ਨਾਲ ਇਨਸਾਫ਼ ਕਰਨਗੇ ਅਤੇ ਪੁਸਤਕ ਵਿਚ ਰਹਿ ਗਈਆਂ ਤਰੁੱਟੀਆਂ ਤੋਂ ਜਾਣੂੰ ਕਰਵਾਉਣਗੇ ਤਾਂ ਜੋ ਮੈਂ ਅੱਗੇ ਤੋਂ ਹੋਰ ਚੰਗਾ ਲਿਖ ਸਕਾਂ। ਮੈਂ ਡਾ. ਸੁਰਜੀਤ ਬਰਾੜ ਦਾ ਅਤੀ ਧੰਨਵਾਦੀ ਹਾਂ ਜਿਹਨਾਂ ਦੀ ਖ਼ਾਸ ਪ੍ਰੇਰਨਾ ਸਦਕਾ ਮੈਂ ਆਪਣੀ

ਕਾਵਿ-ਉਡਾਰੀ ਨੂੰ ਪੁਸਤਕ ਦਾ ਰੂਪ ਦਿੱਤਾ ਅਤੇ ਉਹਨਾਂ ਦੇ ਹੀ ਸਹਿਯੋਗ ਨਾਲ ਇਹ ਪੁਸਤਕ ' **ਨਹੀਂ ਰੁਕਦੇ ਦਰਿਆ'** ਨੂੰ ਇਕ ਸੁਚੱਜੇ ਢੰਗ ਨਾਲ ਛਪਵਾਉਣ ਵਿਚ ਸਫ਼ਲ ਹੋ ਸਕਿਆ ਅਤੇ ਪ੍ਰੋ. ਰਵਿੰਦਰ ਭੱਠਲ ਦਾ ਧੰਨਵਾਦ ਕਰਦਾ ਹਾਂ ਜਿਹਨਾਂ ਨੇ ਇਕ ਅਜ਼ਨਬੀ ਦੀਆਂ ਰਚਨਾਵਾਂ ਪੜ੍ਹ ਕੇ ਮੇਰੇ ਅੰਦਰਲੀ ਹੂਕ ਨੂੰ ਪਹਿਚਾਨ ਕੇ ਸੱਚ ਕਿਹਾ ਅਤੇ ਇਨਸਾਫ਼ ਕੀਤਾ ਹੈ। ਅੰਤ ਵਿਚ ਮੈਂ ਆਪਣੀ ਬੇਟੀ ਅਮਨਜੋਤ ਦਾ ਧੰਨਵਾਦ ਕਰਦਾ ਹਾਂ ਜਿਸਨੇ ਇਕ ਪੇਟਿੰਗ ਆਰਟਿਸਟ ਹੋਣ ਦੇ ਨਾਤੇ ਇਸ ਪੁਸਤਕ ਦਾ ਟਾਈਟਲ ਬਣਾਇਆ ਅਤੇ ਇਲੱਸਟ੍ਰੇਸ਼ਨ ਕਰਕੇ ਪੁਸਤਕ ਨੂੰ ਸੁੰਦਰ ਰੂਪ ਦਿੱਤਾ।

ਕਰਮ ਸਿੰਘ ਕਰਮ
ਘੋਲੀਆ।

✪

ਅਸੀਂ ਤਾਂ ਹਾਂ ਮੁੱਢ ਤੋਂ ਸਵੇਰਿਆਂ ਦੇ ਆਸ਼ਕ
ਅਸੀਂ ਨਹੀਂਓਂ ਸੰਘਣੇ ਹਨੇਰਿਆਂ ਦੇ ਆਸ਼ਕ

ਮਨੁੱਖਤਾ ਨੂੰ ਪਿਆਰ ਅਸੀਂ ਕਰਦੇ ਹਾਂ ਰੱਜਕੇ
ਅਸੀਂ ਨਹੀਂ ਗੋਰੇ-ਚਿੱਟੇ ਚਿਹਰਿਆਂ ਦੇ ਆਸ਼ਕ

ਜਾਬਰਾਂ ਦੀ ਅੱਖ ਵਿੱਚ ਰੋੜ ਵਾਂਗੂੰ ਰੜਕੇ
ਮਜ਼ਦੂਰਾਂ ਦੇ ਹਾਮੀ ਫਰੇਰਿਆਂ ਦੇ ਆਸ਼ਕ

ਲੋੜ ਪਈ ਦੇਸ਼ ਨੂੰ ਤਾਂ ਵਾਰ ਦਿਆਂਗੇ ਜਾਨਾਂ
ਅਸੀਂ ਹਾਂ ਸ਼ਹੀਦਾਂ ਦਿਆਂ ਜੇਰਿਆਂ ਦੇ ਆਸ਼ਕ

ਅਸੀਂ ਸੱਚ ਦੇ ਵਪਾਰੀ ਤੇ ਯੋਧੇ ਅਣਖੀਲੇ
ਅਸੀਂ ਨਹੀਂਓਂ ਫ਼ਸਲੀ ਬਟੇਰਿਆਂ ਦੇ ਆਸ਼ਕ

ਅਸੀਂ ਥਲਾਂ ਵਿੱਚ ਤੁਰਨਾ ਤੇ ਕੁੱਦਣਾ ਝਨਾਂ ਵਿੱਚ
ਅਸੀਂ ਪੰਧ ਟੇਢਿਆਂ ਲੰਬੇਰਿਆਂ ਦੇ ਆਸ਼ਕ

ਮੌਤ ਨੂੰ ਵਿਆਹੁਣ ਲਾੜੇ ਬੰਨ੍ਹ ਕੇ ਸਿਰਾਂ ਤੇ
ਅਸੀਂ ਹਾਂ 'ਕਰਮ' ਉਹਨਾਂ ਸਿਹਰਿਆਂ ਦੇ ਆਸ਼ਕ

***

✪

ਹੁਣ ਤੇਰੇ ਸ਼ਹਿਰ ਤੋਂ ਕਿਨਾਰਾ ਕਰਾਗਾਂ ਮੈਂ
ਹੋਰ ਥਾਂ ਤੇ ਜਾ ਕੇ ਗੁਜ਼ਾਰਾ ਕਰਾਗਾਂ ਮੈਂ

ਤੇਰੇ ਪਿੱਛੇ ਝੱਲੇ ਅਸਾਂ ਲੱਖਾਂ ਤਸੀਹੇ
ਜ਼ਿੰਦਗੀ ਨੂੰ ਹੋਰ ਨ ਨਿਕਾਰਾ ਕਰਾਗਾਂ ਮੈਂ

ਨੱਕ ’ਤੇ ਮੱਖੀ ਕਦੇ ਬਹਿਣ ਨਾ ਤੂੰ ਦੇਵੇਂ
ਤੇਰੇ ਨਾਲ ਬਹਿ ਕੀ ਨਿਪਟਾਰਾ ਕਰਾਗਾਂ ਮੈਂ

ਆਪਣੇ ਗ਼ਮਾਂ ਨੂੰ ਮੈਂ ਸਿੱਖ ਲਿਆ ਪੀਣਾ
ਤੇਰੇ ਵੱਲ ਮੂੰਹ ਨਾ ਦੁਬਾਰਾ ਕਰਾਗਾਂ ਮੈਂ

ਕਰਨਗੇ ਲੋਕ ਵੇਖੀਂ ਕਿਵੇਂ ਹੱਥੀਂ ਛਾਵਾਂ
ਜਿਹੜੇ ਸ਼ਹਿਰ ਜਾ ਕੇ ਉਤਾਰਾ ਕਰਾਗਾਂ ਮੈਂ

ਜਗਾਵਾਂਗਾ ਹਰ ਮੋੜ ਤੇ ਪਿਆਰ ਦੇ ਚਿਰਾਗ਼
ਇੰਝ ਗਲੀ-ਗਲੀ ’ਚ ਉਜਿਆਰਾ ਕਰਾਂਗਾ ਮੈਂ

ਫਿਰ ਟੁੱਟਿਆਂ ਦਿਲਾਂ ਨੂੰ ਇਉਂ ਮਿਲੂ ਧਰਵਾਸ
ਜਦ ਪਿਆਰ ਦੇਣ ਦਾ ਹਰ ਚਾਰਾ ਕਰਾਗਾਂ ਮੈਂ

ਜੋ ਉੱਚਾ ਉਠੇ ਏਥੇ ਖਿੱਚ ਲੈਣ ਲੱਤਾਂ
‘ਕਰਮ’ ਹਰ ਡਿੱਗੇ ਨੂੰ ਸਹਾਰਾ ਕਰਾਗਾਂ ਮੈਂ

***

✪

ਗਲੇ ਲਗਾਈਏ ਇਕ ਦੂਜੇ ਨੂੰ
ਪਿਆਰ ਜਤਾਈਏ ਇਕ ਦੂਜੇ ਨੂੰ

ਐਂਵੇਂ ਹੋ ਗਏ ਮਨ ਵਿੱਚ ਰੋਸੇ
ਆ ਮਨਾਈਏ ਇਕ ਦੂਜੇ ਨੂੰ

ਜਦ ਕਰ ਲਈਏ ਦਿਲ ਦੇ ਸੌਦੇ
ਨਾ ਅਜਮਾਈਏ ਇਕ ਦੂਜੇ ਨੂੰ

ਇਕ ਦੂਜੇ ਲਈ ਖ਼ੂਨ ਡੋਲ੍ਹੀਏ
ਨਾ ਤੜਫਾਈਏ ਇਕ ਦੂਜੇ ਨੂੰ

ਮਾਨਵਤਾ ਦੀ ਸਾਂਝ ਪੁਰਾਣੀ
ਯਾਦ ਕਰਾਈਏ ਇਕ ਦੂਜੇ ਨੂੰ

ਫੁੱਲ ਕੰਡਿਆਂ ਦੇ ਨੇੜੇ ਰਹਿੰਦੇ
ਇੰਝ ਅਪਣਾਈਏ ਇਕ ਦੂਜੇ ਨੂੰ

ਲਿਖ ਕੇ ਆਪਣੇ 'ਕਰਮ' ਦੁਆਰਾ
ਗ਼ਜ਼ਲ ਸੁਣਾਈਏ ਇਕ ਦੂਜੇ ਨੂੰ
***

✪

ਜਦ ਚੁੱਲੇ ਵਿਚ ਨਾ ਧੂੰਣਾਂ ਧੁੱਖਦਾ
ਤਾਂ ਮੇਰੇ ਜਿਸਮ ਦਾ ਲੂੰ-ਲੂੰ ਦੁੱਖਦਾ

ਮਾਸੂਮ ਚਿਹਰਿਆਂ ਤੇ ਪਿਆ ਦਿਸਦੈ
ਇਕ ਤਰਲਾ ਜਿਹਾ ਚੰਦਰੀ ਭੁੱਖਦਾ

ਰਹੇ ਮਿੱਟੀ ਦੇ ਵਿੱਚ ਮਿੱਟੀ ਹੋਇਆ
ਕੋਈ ਲਾਲ ਕੀਮਤੀ ਮਾਂ ਦੀ ਕੁੱਖਦਾ

ਕਿਵੇਂ ਉਰੀ ਵਾਂਗੂੰ ਘੁੰਮਦਾ ਫਿਰਦਾ
ਇਕ ਪਲ ਵੀ ਸਾਹ ਮਿਲੇ ਨਾ ਸੁੱਖਦਾ

ਕੀ ਇਹਦਾ ਰੱਬ ਰੁਸਿਐ ਯਾਰੋ
ਜੋ ਰਹਿੰਦਾ ਫਿਕਰ ਸ਼ਾਮ ਦੇ ਟੁੱਕਦਾ

ਜੋ ਕਿਰਤ ਕਮਾਵੇ ਰੱਜ ਕੇ ਖਾਵੇ
ਇਹ ਸੱਚ ਇਹਦੇ ਨਾਲ ਨਹੀਂ ਢੁੱਕਦਾ

ਸਦਾ ਅਣਥੱਕ ਮਿਹਨਤ ਕਰਦੈ ਕਿਰਤੀ
ਕਿਉਂ ਵੇਲ੍ਹੜ ਖਾਂਦੈ ਫ਼ਲ ਇਸ ਰੁੱਖ ਦਾ

ਤੱਕ ਸੱਚੀ ਭਗਤੀ ਕਠਿਨ ਤਪੱਸਿਆ
ਧਰਤੀ ਵੱਲ ਅਸਮਾਨ ਵੀ ਝੁੱਕਦਾ

ਹੁਣ 'ਕਰਮ' ਆਓ ਉਪਰਾਲਾ ਕਰੀਏ
ਕਿ ਰੂਪ ਨਿਖਰ ਜਾਏ ਇਹਦੇ ਮੁੱਖਦਾ

***

✪

ਫਿਰਦੀ ਏ ਨਫ਼ਰਤ ਆਵਾਰਾ ਬੰਦਸ਼ ਲੱਗੀ ਪਿਆਰਾਂ ਉੱਤੇ
ਧਰਮ ਦੀ ਰਾਖੀ ਦੇ ਨਾਂ ਬੰਦਾ ਰੱਖਦਾ ਹੱਥ ਤਲਵਾਰਾਂ ਉੱਤੇ

ਮਾਨਵਤਾ ਦਾ ਨਾਸ਼ ਕਰਨ ਲਈ ਮਾਰੂ ਬੰਬ ਤਿਆਰ ਹੋ ਗਏ
ਬੰਦਾ ਵੀ ਬਾਰੂਦ ਬਣੇਗਾ ਬਾਰੂਦੀ ਅੰਬਾਰਾਂ ਉੱਤੇ

ਕਾਂ, ਕੁਕੜ ਵੀ ਆਪਣਿਆਂ ਦੀ ਰੱਖਿਆ ਕਰ ਲੈਂਦੇ ਨੇ ਲੇਕਿਨ
ਬੰਦਾ ਵੇਖੋ ਜ਼ੁਲਮ ਢਾਹ ਰਿਹੈ ਆਪਣੇ ਹੀ ਪਰਿਵਾਰਾਂ ਉੱਤੇ

ਸਿਆਸੀ ਚਾਲਾਂ ਚਲਣ ਵਾਲੇ ਰੱਤੀ ਭਰ ਵੀ ਤਰਸ ਨਾ ਖਾਂਦੇ
ਮਾਨਵਤਾ ਦਾ ਖ਼ੂਨ ਡੋਲ੍ਹਦੇ ਆਪਣੀਆਂ ਜਿੱਤਾਂ ਹਾਰਾਂ ਉੱਤੇ

ਸਹਿਮਿਆ-ਸਹਿਮਿਆ ਏ ਹਰ ਬੰਦਾ ਘਰ ਦੀ ਚਾਰ ਦੀਵਾਰੀ ਅੰਦਰ
ਫਿਰ ਵੀ ਆਸਾਂ ਲਾ ਕੇ ਬੈਠਾ ਝੂਠ ਦੀਆਂ ਸਰਕਾਰਾਂ ਉੱਤੇ

ਘਰ ਪਰਿਵਾਰ ਦੇਸ਼ ਦੇ ਉੱਤੋਂ ਕਰ ਦਿੱਤਾ ਕੁਰਬਾਨ ਯੋਧਿਆਂ
ਗਿੱਦੜ ਪਏ ਕਲੋਲਾਂ ਕਰਦੇ ਹੁਣ ਸ਼ੇਰਾਂ ਦੀਆਂ ਮਾਰਾਂ ਉੱਤੇ

ਪੱਤਝੜ ਅਸਾਂ ਬਥੇਰੀ ਵੇਖੀ ਹੁਣ ਮੌਸਮ ਦਾ ਰੂਪ ਬਦਲੀਏ
ਸੁੱਕੇ ਬੂਟੇ ਹਰੇ ਭਰੇ ਕਰ ਕਰੀਏ ਮਾਣ ਬਹਾਰਾਂ ਉੱਤੇ

ਜ਼ੁਲਮ ਦੀ ਚੱਕੀ ਅੰਦਰ ਅੱਜ ਵੀ ਮਾਨਵਤਾ ਇਹ ਪਿਸ ਰਹੀ ਏ
ਰਹਿਮੋ-'ਕਰਮ' ਹਮੇਸ਼ਾਂ ਕਰੀਏ ਕਮਜ਼ੋਰਾਂ ਲਾਚਾਰਾਂ ਉੱਤੇ

***

✪

ਨੇਕੀਆਂ ਕਮਾਓ ਸਾਰੇ ਨੇਕ ਇਨਸਾਨ ਬਣੋ ਨਫਰਤਾਂ ਦਾ ਬੀਜ ਨਾ ਪਵੇ
ਸਾਰੀ ਹੀ ਮਨੁੱਖਤਾ ਨੂੰ ਕਰਨਾ ਪਿਆਰ ਸਿੱਖੋ ਕਦੇ ਕੋਈ ਦਿਲ ਨਾ ਢਵ੍ਹੇ

ਉਡ ਜਾਵੇ ਦੂਰ ਕਿਤੇ ਆਖੇ ਉਹ ਪਰਿੰਦੇ ਤਾਈਂ ਹੋਰ ਕਿਸੇ ਰੁੱਖ ਤੇ ਬਵ੍ਹੇ
ਉਸਨੇ ਜੇ ਇਥੇ ਰਹਿਣਾ ਚੋਗ ਸਾਂਝੀ ਕਰਨੀ ਪਊ ਪਿਆਰ ਨਾਲ ਰਹਿਣਾ ਤਾਂ ਰਵ੍ਹੇ

ਗੁੰਮ=ਸੁੰਮ ਹੋਏ ਬੈਠੇ ਰੋਣ ਮੋਏ ਪੁਤਰਾਂ ਨੂੰ ਕੌਣ ਸਾਰ ਉਹਨਾਂ ਦੀ ਲਵੇ
ਕੋਈ ਜਾ ਕੇ ਪੂੰਝ ਦੇਵੇ ਉਹਨਾਂ ਦਿਆਂ ਹੰਝੂਆਂ ਨੂੰ ਬਣ ਹਮਦਰਦੀ ਬਵ੍ਹੇ

ਆਪ ਖੁਦ ਜੀਓ ਅਤੇ ਜੀਣ ਦਿਓ ਦੂਜਿਆਂ ਨੂੰ  ਬਾਂਸਾਂ ਵਾਂਗ ਬੰਦਾ ਨਾ ਖਵੇ
ਹੋਰਾਂ ਨੂੰ ਖੁਆ ਕੇ ਪਿੱਛੋਂ ਆਪ ਖਾਣ ਵਾਲਿਆਂ ਦੇ ਤਪਦੇ ਹਮੇਸ਼ਾਂ ਹੀ ਤਵੇ

ਨਿਸ਼ਕਾਮ ਸੇਵਾ ਜਿਹੜੇ ਕਰਦੇ ਮਨੁੱਖਤਾ ਦੀ ਮੁੱਖੋਂ ਪਰ ਕੁਝ ਨਾ ਕਵ੍ਹੇ
ਰੱਬ ਦੀਆਂ ਰਹਿਮਤਾਂ ਨੂੰ ਉਹੀ ਲੋਕ ਮਾਣਦੇ ਨੇ ਜੀਹਨੂੰ ਖ਼ੁਦ ਮਾਲਕ ਦਵੇ

ਚੰਗਾ ਇਨਸਾਨ ਉਹੀ ਦੂਜਿਆਂ ਦੇ ਕੰਮ ਆਵੇ ਪੀੜਾਂ ਜੋ ਪਰਾਈਆਂ ਸਵ੍ਹੇ
'ਕਰਮ' ਐਸੇ ਬੰਦਿਆਂ 'ਤੇ ਰੱਬ ਸਦਾ ਖੁਸ਼ ਰਹਿੰਦੈ ਅੰਗ- ਸੰਗ ਉਹਨਾਂ ਦੇ ਰਵ੍ਹੇ

***

✪

ਹੁਣ ਬਹੁਤ ਕੁਝ ਹੋ ਰਿਹੈ ਪਰਦਿਆਂ ਦੇ ਪਿੱਛੇ
ਰੱਖਦੇ ਕਈ ਨਜ਼ਰਾਂ ਕਰਦਿਆਂ ਦੇ ਪਿੱਛੇ

ਚੱਲ ਜ਼ਰਾ ਸੰਭਲ ਕੇ ਜ਼ਮਾਨੇ ਦੇ ਕੋਲੋਂ
ਪੈੜ ਕੱਢ ਲੈਂਦੇ ਪੈਰ ਧਰਦਿਆਂ ਦੇ ਪਿੱਛੇ

ਉਂਝ ਮਤਲਬੀ ਯਾਰ ਏਥੇ ਮਿਲਦੇ ਬਥੇਰੇ
ਕੋਈ ਵਿਰਲਾ ਹੀ ਆਉਂਦੈ ਮਰਦਿਆਂ ਦੇ ਪਿੱਛੇ

ਤਕੜੇ ਨੂੰ ਹਰ ਕੋਈ ਕਰਦੈ ਸਲਾਮਾਂ
ਹੱਥ ਧੋ ਕੇ ਪੈ ਜਾਂਦੇ ਡਰਦਿਆਂ ਦੇ ਪਿੱਛੇ

ਪੱਤਣਾਂ ਤੇ ਬੈਠ ਕੇ ਨਜ਼ਾਰਾ ਲੈਣਾ ਠੀਕ ਏ
ਡੁੱਬ ਜਾਂਦੇ ਅਣਤਾਰੂ ਤਰਦਿਆਂ ਦੇ ਪਿੱਛੇ

ਜਿੰਨੀ ਕੁ ਹੈ ਚਾਦਰ ਓਨੀਆਂ ਪਸਾਰੋ ਲੱਤਾਂ
ਚੰਗੀ ਨਹੀਂ ਡਫ੍ਹੂੰਗ ਕਰਜ਼ਿਆਂ ਦੇ ਪਿੱਛੇ

ਹੁੰਦੇ ਸੀ ਇਨਾਮੀ ਮੱਲ ਖਾਂਦੇ ਸੀ ਖੁਰਾਕਾਂ
ਅੱਜ ਦੀ ਜਵਾਨੀ ਪਈ ਜ਼ਰਦਿਆਂ ਦੇ ਪਿੱਛੇ

ਜ਼ਿੰਦਗੀ ’ਚ ਕੰਮ ਆਏ ਸਦਾ ਹੀ ਬਿਗਾਨੇ
ਭੁੱਲ ਕੇ ਹੀ ਲੱਗੇ ਰਹੇ ਘਰਦਿਆਂ ਦੇ ਪਿੱਛੇ

ਜਿੱਤ ਵਾਲੇ ਪਾਸੇ ਲੋਕ ਭਰਦੇ ਹੁੰਗਾਰੇ
ਆਉਂਦਾ ਨਾ ‘ਕਰਮ’ ਕੋਈ ਹਰਦਿਆਂ ਦੇ ਪਿੱਛੇ

***

✪

ਸੰਭਲ-ਸੰਭਲ ਕੇ ਚੱਲ ਜ਼ਰਾ ਕੁ ਤਿਲਕਣ ਹੈ
ਜ਼ਿੰਦਗੀ ਦੇ ਹਰ ਮੋੜ ਤੇ ਖ਼ਤਰਾ ਛਿਨ-ਛਿਨ ਹੈ

ਟੇਢੇ-ਮੇਢੇ ਰਾਵ੍ਹਾਂ ਦੀ ਨਾ ਸਾਰ ਕੋਈ
ਮੰਜ਼ਿਲ ਉੱਤੇ ਪੁੱਜਣਾ ਹੈ ਪਰ ਅੜਚਨ ਹੈ

ਨਾਲ ਜੀਆਂਗੇ ਨਾਲ ਮਰਾਂਗੇ ਕਹਿੰਦੇ ਰਹੇ
ਅੱਖ ਬਚਾ ਕੇ ਲੱਗ ਪਏ ਹੁਣ ਖਿਸਕਣ ਹੈ

ਜੀਵਨ ਦੇ ਹਮਰਾਹੀ ਚਾਹੁੰਦੇ ਤੋੜ ਨਿਭੇ
ਪਰ ਵਿਛੜ ਜਾਂਦੇ ਸਾਥੀ ਅਗਲੇ ਪਲ ਛਿਨ ਹੈ

ਦਿਲ ਦੀ ਮੈਲ ਉਤਾਰੀ ਗਈ ਨਾ ਬੰਦੇ ਤੋਂ
ਬਾਹਰੋਂ ਹਰ ਕੋਈ ਕਰਦਾ ਲਿਸ਼ਕਣ-ਪੁਸ਼ਕਣ ਹੈ

ਸੱਚ ਕਹਿਣਾ ਤੇ ਸੁਣਨਾ ਔਖਾ ਹੁੰਦਾ ਏ
ਝੂਠ ਸਚਾਈ ਅੱਗੇ ਕਰਦਾ ਮਿਣ-ਮਿਣ ਹੈ

ਪੱਤਝੜ ਮਗਰੋਂ ਆਉਂਦੀ ਰੁੱਤ ਬਸੰਤੀ ਏ
ਨਵੀਂਆਂ ਆਉਣ ਬਹਾਰਾਂ ਖਿੜਦਾ ਗੁਲਸ਼ਨ ਹੈ

ਜੋ ਨਹੀਂ ਪਿਘਲਦੇ ਦਿਲ ਉਹ ਪੱਥਰ ਹੁੰਦੇ ਨੇ
ਖ਼ਾਲੀ ਲਗਦੀ ਪਿਆਰ ਦੇ ਬਾਝੋਂ ਧੜਕਨ ਹੈ

'ਕਰਮ' ਫੜਾ ਕੇ ਉਂਗਲੀ ਰੱਖੀਏ ਮੁਰਸ਼ਦ ਨੂੰ
ਬੁਢਾਪਾ ਵੀ ਇੰਝ ਲੱਗੇ ਜਿੱਦਾਂ ਬਚਪਨ ਹੈ

***

✪

ਦਿਲ ਦੇ ਕਈ ਅਰਮਾਨ ਛੁਪਾ ਕੇ ਰੱਖੇ ਨੇ
ਕੋਮਲ ਫੁੱਲਾਂ ਵਾਂਗ ਸਜਾ ਕੇ ਰੱਖੇ ਨੇ

ਅਵਾਜ਼ਾਰ ਸੀ ਜ਼ਿੰਦਗੀ ਬਿਨ ਅਰਮਾਨਾਂ ਤੋਂ
ਏਸੇ ਲਈ ਅਰਮਾਨ ਬਚਾ ਕੇ ਰੱਖੇ ਨੇ

ਰਾਤੀਂ ਵੇਖੇ ਤਾਰੇ ਟੁੱਟਦੇ ਅੰਬਰ ਤੋਂ
ਇਸ ਡਰ ਤੋਂ ਅਰਮਾਨ ਲੁਕਾ ਕੇ ਰੱਖੇ ਨੇ

ਭੈੜੇ ਸੁਪਨੇ ਬਣ-ਬਣ ਪਏ ਡਰੌਂਦੇ ਨੇ
ਮਨ ਦੇ ਆਖੇ ਜੋ ਲਲਚਾ ਕੇ ਰੱਖੇ ਨੇ

ਖਿਲਰ ਗਏ ਅਰਮਾਨ ਜੋ ਖ਼ਾਲੀ ਅਮਲਾਂ ਤੋਂ
ਮੈਂ ਉਹ ਸਾਰੇ ਦੂਰ ਹਟਾ ਕੇ ਰੱਖੇ ਨੇ

ਸਿਦਕ ਜਦੋਂ ਵੀ ਮੇਰਾ ਪੱਕਾ ਹੋਇਆ ਏ
ਵਿਸ਼ਵਾਸਾਂ ਭਰੇ ਭਾਵ ਮੜ੍ਹਾ ਕੇ ਰੱਖੇ ਨੇ

ਦੁੱਖ ਜੁਦਾਈ ਵਾਲਾ ਸਹਿਣਾ ਮੁਸ਼ਕਿਲ ਹੈ
ਯਾਦਾਂ ਵਾਲੇ ਗੀਤ ਬਣਾ ਕੇ ਰੱਖੇ ਨੇ

ਦਿਲ ਦੇ ਵਿੱਚ ਉਮੀਦਾਂ ਤੇਰੇ ਮਿਲਣ ਦੀਆਂ
ਆਸਾਂ ਵਾਲੇ ਦੀਪ ਜਗਾ ਕੇ ਰੱਖੇ ਨੇ

ਇਸ਼ਕ ਤਿਰੇ ਨੇ ਘਾਇਲ 'ਕਰਮ' ਨੂੰ ਕੀਤਾ ਏ
ਨੈਣ ਮੇਰੇ ਤੂੰ ਕਿਉਂ ਤਰਸਾ ਕੇ ਰੱਖੇ ਨੇ

***

✪

ਹੁਣ ਵੇਖੋ ਯਾਰੋ ਕਿਹਾ ਜ਼ਮਾਨਾ ਆਇਆ ਹੈ
ਅੱਜ ਬੰਦੇ ਨੇ ਹੀ ਐਨਾ ਕਹਿਰ ਮਚਾਇਆ ਹੈ

ਕੁਝ ਕਰਨਾ ਪਊ ਵਿਚਾਰ ਸਿਆਣੀਆਂ ਸੋਚਾਂ ਨੂੰ
ਕਿਉਂ ਹਰ ਬੰਦਾ ਹੀ ਅੱਜ ਇਤਨਾ ਬੌਖਲਾਇਆ ਹੈ ?

ਰਾਮ ਰਹੀਮ ਤਾਂ ਸਾਂਝੇ ਸਾਰੀ ਦੁਨੀਆਂ ਦੇ
ਕਿਉਂ ਮੰਦਰ ਮਸਜਿਦ ਵਾਲਾ ਝਗੜਾ ਪਾਇਆ ਹੈ

ਅੱਜ ਆਪਣੇ ਹੱਥੀਂ ਜਿਸਨੂੰ ਅੱਗ ਲਗਾ ਆਇਐਂ
ਐ ਬੇ-ਸਮਝਾ ਉਹ ਤੇਰਾ ਹੀ ਹਮਸਾਇਆ ਹੈ

ਹੁਣ ਡਰ ਨਹੀਂ ਲਗਦਾ ਮੈਨੂੰ ਉਹਨਾਂ ਕੰਡਿਆਂ ਤੋਂ
ਬਸ ਫੁੱਲਾਂ ਨੇ ਹੀ ਨਵਾਂ ਜ਼ਖ਼ਮ ਜਗਾਇਆ ਹੈ

ਮਿੱਠੇ-ਮਿੱਠੇ ਗੀਤ ਗਾਉਂਦੀਆਂ ਕੋਇਲਾਂ ਨੂੰ
ਚੰਦਰੇ ਕਾਂਵਾਂ ਨੇ ਕਿਉਂ ਆਣ ਸਤਾਇਆ ਹੈ

ਅੱਜ ਤਕੜਾ ਮਾੜੇ ਤੇ ਭਾਰੂ ਰਹਿੰਦਾ ਏ
ਉਸ ਹਰ ਵੇਲੇ ਹੀ ਮਾੜੇ ਨੂੰ ਦਬਕਾਇਆ ਹੈ

'ਕਰਮ' ਹੋਇਆ ਮਜ਼ਬੂਰ ਇਹ ਗੱਲ ਸੋਚਣ ਲਈ
ਤੂੰ ਬੰਦਾ ਹੋ ਕੇ ਇਹ ਕਿਰਦਾਰ ਨਿਭਾਇਆ ਹੈ

***



ਤੂੰ ਕਦੇ ਵੀ ਨਾ ਕੀਤਾ ਏ ਅਹਿਸਾਸ ਮੇਰੀ ਚੀਸ ਦਾ
ਕਿਵੇਂ ਸਹਿਣਾ ਪਿਆ ਦੁੱਖ ਮੈਨੂੰ ਖ਼ਾਸ ਮੇਰੀ ਚੀਸ ਦਾ

ਮੈਂ ਤਾਂ ਗ਼ਮਾਂ ਨੂੰ ਛੁਪਾਈ ਫਿਰਾਂ ਹਾਸਿਆਂ ਦੇ ਪਿੱਛੇ
ਤੇਰੇ ਗ਼ਮਾਂ 'ਚੋਂ ਹੋਇਆ ਏ ਵਿਕਾਸ ਮੇਰੀ ਚੀਸ ਦਾ

ਆ ਕੇ ਹੋਇਆ ਮੈਂ ਸ਼ਰੀਕ ਤੇਰੇ ਸਾਰੇ ਦੁੱਖਾਂ ਵਿੱਚ
ਤੂੰ ਕਦੇ ਵੀ ਨਾ ਕੀਤਾ ਏ ਕਿਆਸ ਮੇਰੀ ਚੀਸ ਦਾ

ਤੂੰ ਆ ਕੇ ਪੁੱਛਦਾ ਤਾਂ ਸਹੀ ਕਦੇ ਹਾਲ-ਚਾਲ ਮੇਰਾ
ਕਿਹੜੀ ਗੱਲੋਂ ਹੋਇਆ ਨਾ ਆਭਾਸ ਮੇਰੀ ਚੀਸ ਦਾ

ਹੰਝੂ ਆਪਣੇ ਮੈਂ ਸਾਰੇ ਕਾਹਤੋਂ ਲੁਕ-ਲੁਕ ਪੀਤੇ
ਕਦੇ ਜ਼ਿੰਦਗੀ 'ਚੋਂ ਹੋਇਆ ਨਾ ਨਾਸ ਮੇਰੀ ਚੀਸ ਦਾ

ਨਿਭਾਈ ਕਦੇ ਵੀ ਨਾ ਤੂੰ ਗੂੜ੍ਹੇ ਰਿਸ਼ਤੇ ਦੀ ਸਾਂਝ
ਪੀਤਾ ਕਦੇ ਵੀ ਨਾ ਭਰ ਕੇ ਗਿਲਾਸ ਮੇਰੀ ਚੀਸ ਦਾ

ਤੇਰੇ ਤਿਖਿਆਂ ਬੋਲਾਂ ਨੇ ਮੇਰੇ ਜ਼ਖ਼ਮ ਉਚੇੜੇ
ਕਿਵੇਂ ਨੋਚਿਆ ਜੰਮੂਰਾਂ ਨਾਲ ਮਾਸ ਮੇਰੀ ਚੀਸ ਦਾ

ਜਦੋਂ ਆਈਆਂ ਸੀ ਮੁਸੀਬਤਾਂ ਸੁਨੇਹੇ ਬਹੁਤ ਘੱਲੇ
ਕਾਹਤੋਂ ਕੀਤਾ ਨਾ 'ਕਰਮ' ਵਿਸ਼ਵਾਸ ਮੇਰੀ ਚੀਸ ਦਾ

***

✪

ਜੀਵਨ ਕਿਸ਼ਤੀ ਡੁੱਬ ਜਾਣੀ ਸੀ ਕਾਫ਼ੀ ਦੂਰ ਕਿਨਾਰੇ ਤੋਂ
ਟੁੱਟੀ ਗੰਢਣ ਵਾਲੇ ਨੇ ਸੀ ਗੰਢ ’ਤੀ ਫੇਰ ਦੁਬਾਰੇ ਤੋਂ

ਪਿੰਡ ਵਿੱਚ ਸਾਰੇ ਫੈਲ ਗਈ ਸੀ ਖ਼ਬਰ ਮੇਰੇ ਮਰਨ ਦੀ
ਸੁਣ ਕੇ ਹੋ ਗਿਆ ਮੁਸ਼ਕਿਲ ਆਉਣਾ ਮੇਰੇ ਟੱਬਰ ਸਾਰੇ ਤੋਂ

ਦੌੜ-ਦੌੜ ਕੇ ਆਏ ਸਾਰੇ ਮੇਰੇ ਬਚਪਨ ਦੇ ਜੋ ਹਾਣੀ
ਕਿਸੇ ਕੋਲੋਂ ਵੀ ਰਹਿ ਨਾ ਹੋਇਆ ਹਮਦਰਦੀ ਗ਼ਮਖ਼ਾਰੇ ਤੋਂ

ਕਾਲ ਬਾਜ਼ ਨੇ ਜਕੜ ਲਿਆ ਸੀ ਆਪਣੇ ਪੰਜੇ ਦੇ ਵਿੱਚ ਮੈਨੂੰ
ਮਿਹਰਬਾਨ ਨੇ ਆਣ ਛੁਡਾਇਆ ਉਸ ਜ਼ਾਲਮ ਹਤਿਆਰੇ ਤੋਂ

ਮੱਚ ਗਈ ਸੀ ਅਫ਼ਰਾ-ਤਫ਼ਰੀ ਆਣ-ਆਣ ਕੇ ਪੁੱਛਣ ਸਾਰੇ
ਬਾਪੂ ਤੋਂ ਨਹੀਂ ਗਿਆ ਬੋਲਿਆ ਆਪਣੀ ਹਿੰਮਤ ਹਾਰੇ ਤੋਂ

ਤੱਤੇ ਦੁੱਧ ’ਚ ਕੇਸਰ ਪਾ ਕੇ ਲੈ ਆਈ ਭਗਵਾਨੋ ਤਾਈ
ਹਟ ਗਈ ਮੇਰੀ ਕੰਬਣੀ ਸਾਰੀ ਖੇਸ ਦੀ ਬੁੱਕਲ ਮਾਰੇ ਤੋਂ

ਮਾਰਨ ਵਾਲੇ ਨਾਲੋਂ ਸੁਣਿਐਂ ਰੱਖਣ ਵਾਲਾ ਬਲੀ ਹੁੰਦਾ ਏ
ਸਿਰ ਤੇ ਹੱਥ ਸਾਹਿਬ ਦਾ ਹੋਵੇ ਉਹ ਨਹੀਂ ਮਰਦਾ ਮਾਰੇ ਤੋਂ

ਮੈਂ ਜ਼ਿੰਦਗੀ ਦੇ ਉਸ ਪੜਾ ’ਚੋਂ ਨੇੜੇ ਹੋ ਕੇ ਵੇਖੀ ਮੌਤ
ਵੇਖਣ ਵਾਲੇ ਕੰਬ ਗਏ ਸਾਰੇ ਭਿਆਨਕ ਓਸ ਨਜ਼ਾਰੇ ਤੋਂ

ਜੀਵਨ ਫੇਰ ਦੁਬਾਰਾ ਮਿਲਿਆ ਕੀਤਾ ਇਹ ਕਰਿਸ਼ਮਾ ਕਿਉਂ
‘ਕਰਮ’ ਇਸ ਗੱਲ ਦੀ ਸਮਝ ਪਵੇਗੀ ਸੋਚੇ ਅਤੇ ਵਿਚਾਰੇ ਤੋਂ

***

✪

ਗੱਲਾਂ ਨਾਲ ਤਾਂ ਕੁਝ ਨਹੀਂ ਬਣਨਾ ਜੇਕਰ ਨਾ ਅਪਨਾਈਆਂ ਗੱਲਾਂ
ਗੱਲਾਂ ਜਿਹਾ ਕਿਰਦਾਰ ਹੋਵੇ ਤਾਂ ਆਪੇ ਦੇਣ ਗਵਾਹੀਆਂ ਗੱਲਾਂ

ਗੱਲਾਂ ਕਰਨ ਸਿਆਣੇ ਜਦ ਵੀ ਉਹਨਾਂ ਵਿੱਚ ਕੋਈ ਦਮ ਹੁੰਦਾ ਏ
ਜੀਵਨ ਦਾ ਤਜਰਬਾ ਦੱਸਦੇ ਹੱਡਾਂ ਨਾਲ ਹੰਢਾਈਆਂ ਗੱਲਾਂ

ਗੱਲਾਂ ਘਰ 'ਚੋਂ ਬਾਹਰ ਜਾਣ ਤਾਂ ਖੰਭਾਂ ਤੋਂ ਬਣ ਜਾਂਦੀਆਂ ਡਾਰਾਂ
ਏਸੇ ਡਰ ਤੋਂ ਸਮਝਦਾਰਾਂ ਨੇ ਘਰ ਦੇ ਵਿੱਚ ਛੁਪਾਈਆਂ ਗੱਲਾਂ

ਗੱਲਾਂ ਦੀ ਕਈ ਖੱਟਿਆ ਖਾਂਦੇ ਗੱਲਾਂ ਵਿੱਚ ਉਲਝਾ ਲੈਂਦੇ ਨੇ
ਚੁਸਤ ਲੋਕਾਂ ਨੇ ਜੀਵਨ ਦੇ ਵਿੱਚ ਬਿਜਨਸ ਵਾਂਗ ਬਣਾਈਆਂ ਗੱਲਾਂ

ਗੱਲਾਂ 'ਚੋਂ ਕੋਈ ਗੱਲ ਨਿਕਲ ਕੇ ਉਲਝੇ ਮਸਲੇ ਹੱਲ ਕਰ ਜਾਵੇ
ਇਕ ਦੂਜੇ ਦੇ ਮੂੰਹ ਤੋਂ ਸੁਣ ਕੇ ਤਹਿ ਤੀਕਰ ਜਦ ਆਈਆਂ ਗੱਲਾਂ

ਗੱਲਾਂ ਰੁੱਖੀਆਂ ਹੋਵਣ ਜੇਕਰ ਬਣੀ ਬਣਾਈ ਗੱਲ ਵਿਗੜ ਜਾਏ
ਸਿਆਣਿਆਂ ਦੀ ਹੈ ਮੱਤ ਸਿਆਣੀ ਪਲ ਵਿੱਚ ਹੀ ਸੁਲਝਾਈਆਂ ਗੱਲਾਂ

ਗੱਲਾਂ ਵਿੱਚ ਜੇ ਵਜ਼ਨ ਦਿਸੇ ਤਾਂ ਦਿਲ ਦੇ ਵਿੱਚ ਵਸਾ ਕੇ ਰੱਖੀਏ
ਐਧਰ ਸੁਣ ਕੇ ਔਧਰ ਕੱਢੀਆਂ ਦੱਸ ਕਿਹੜੇ ਕੰਮ ਆਈਆਂ ਗੱਲਾਂ

ਗੱਲਾਂ ਹੋਣ ਜੇ 'ਕਰਮ' 'ਚ ਢਲੀਆਂ ਤਾਂਹੀਂ ਕੋਈ ਗੱਲ ਬਣਦੀ ਏ
ਸੌ ਹੱਥ ਰੱਸਾ ਸਿਰੇ ਤੇ ਗੰਢ ਏਥੇ ਆਣ ਮੁਕਾਈਆਂ ਗੱਲਾਂ

***

✪

ਤੇਰ -ਮੇਰ ਦੇ ਵਿੱਚ ਜ਼ਮਾਨਾ ਉਲਝ ਗਿਆ
ਵੇਖੋ ਮਾਇਆ ਵਿੱਚ ਦੀਵਾਨਾ ਉਲਝ ਗਿਆ

ਦਿਲ ਦੀ ਕੀਮਤ ਦਿਲ ਵਾਲਾ ਹੀ ਪੌਂਦਾ ਏ
ਰੂਪ-ਰੰਗ ਦੇ ਵਿੱਚ ਜਵਾਨਾ ਉਲਝ ਗਿਆ

ਵਾੜ ਖੇਤ ਨੂੰ ਖਾਈ ਜਾਵੇ ਕੀ ਬਣੂੰ ?
ਭਾਰੀ ਪੰਡ ਦੇ ਵਿੱਚ ਕਿਸਾਨਾ ਉਲਝ ਗਿਆ

ਕਰਨਾ ਕੀ ਸੀ ਕਰਦਾ ਬੰਦਾ ਕੀ ਫਿਰੇ
ਮੋੜ ਤੇ ਆਕੇ ਬੇ-ਧਿਆਨਾ ਉਲਝ ਗਿਆ

ਨੇਕ ਕਮਾਈ ਨੇਕੀ ਦਾ ਪ੍ਰਤੀਕ ਬਣੇ
ਠੱਗੀ ਦੇ ਵਿੱਚ ਬੇਈਮਾਨਾ ਉਲਝ ਗਿਆ

ਪਿਆਰ ਨਿਮਰਤਾ ਮਿੱਠੀ ਬੋਲੀ ਸੋਂਹਦੀ ਏ
ਹਾਉਮੈਂ ਕਾਰਨ ਆਕੜਖ਼ਾਨਾ ਉਲਝ ਗਿਆ

ਦੋਸ਼ ਕਵੀ ਤੇ 'ਕਰਮ' ਕਿਉਂ ਤੂੰ ਮੜ੍ਹਦਾ ਏਂ
ਮਾੜੇ ਸਾਜ਼ਾਂ ਵਿੱਚ ਤਰਾਨਾ ਉਲਝ ਗਿਆ

ਸ਼ਮ੍ਹਾ ਦਾ ਆਸ਼ਕ ਦੇਣ ਲੱਗਾ ਕੁਰਬਾਨੀ
ਲੋਅ ਬੁਝੀ ਤੇ ਵਿੱਚ ਪ੍ਰਵਾਨਾ ਉਲਝ ਗਿਆ

***

✪

ਦਿਲ ਦੇ ਵਹਿਣ ਕਦੇ ਨਾ ਰੁਕਦੇ ਨਾ ਰੁਕਦੇ ਦਰਿਆਵਾਂ ਦੇ
ਇਹਨਾਂ ਅੱਗੇ ਟਿਕ ਨਾ ਸਕਦੇ ਰੋੜੇ ਬਣੇ ਜੋ ਰਾਹਵਾਂ ਦੇ

ਆਪਣਾ ਰਸਤਾ ਆਪ ਬਣਾ ਕੇ ਚਲ ਪੈਂਦੇ ਜਿਸ ਪਾਸੇ
ਬੁਲੰਦ ਹੌਂਸਲੇ ਹੋਣ ਜਿਹਨਾਂ ਦੇ ਮੋੜਨ ਰੁਖ ਦਿਸ਼ਾਵਾਂ ਦੇ

ਹਿਰਨਾਂ ਵਾਂਗ ਟਪੂਸੀ ਮਾਰਨ ਲੱਗ ਪੈਂਦੀਆਂ ਛੱਲਾਂ
ਰੋਕ ਸਕੇ ਨਾ ਕਦੇ ਕਿਨਾਰੇ ਪਾਣੀ ਤੇਜ਼ ਵਹਾਵਾਂ ਦੇ

ਸਮੇਂ-ਸਮੇਂ ਤੇ ਜ਼ਿੰਦਗੀ ਦੇ ਵੀ ਰੰਗ ਬਦਲਦੇ ਰਹਿੰਦੇ
ਕਹਿਕਸ਼ਾਂ ਰੰਗ ਬਦਲੇ ਜਿਉਂ ਕਾਲੀਆਂ ਘੋਰ ਘਟਾਵਾਂ ਦੇ

ਕੱਚੇ ਘੜੇ ਤੇ ਠਿਲ੍ਹਕੇ ਸੋਹਣੀ ਵਿੱਚ ਦਰਿਆ ਦੇ ਡੁੱਬੀ
ਦੁਨੀਆਂ ਵਿੱਚ ਮਸ਼ਹੂਰ ਹੋਏ ਕਿੱਸੇ ਉਸ ਝਨਾਵਾਂ ਦੇ

ਉਮਰਾਂ ਭਰ ਹੀ ਰਹੇ ਤਰਸਦੇ ਭਾਗ ਜਿਨ੍ਹਾਂ ਦੇ ਮਾੜੇ
ਸਭ ਤੋਂ ਰਿਸ਼ਤੇ ਪਾਕ-ਪਵਿੱਤਰ ਹੁੰਦੇ ਭੈਣ-ਭਰਾਵਾਂ ਦੇ

ਸੁਣੀ ਸੁਣਾਈ ਗੱਲ ਨਹੀਂ ਹੁੰਦੀ ਸੋਲ੍ਹਾਂ ਆਨੇ ਸੱਚੀ
'ਕਰਮ' ਇਤਬਾਰ ਤਾਂ ਕਰੀਦੈ ਵੇਖ ਕੇ ਨਾਲ ਨਿਗ੍ਹਾਵਾਂ ਦੇ

***

✪

ਇਸ ਜ਼ਿੰਦਗੀ ਨੇ ਹਰ ਤਰ੍ਹਾਂ ਦਾ ਰੰਗ ਰੰਗਾ ਕੇ ਵੇਖਿਐ
ਤੇ ਵਕਤ ਨੇ ਹਰ ਵਕਤ ਹੀ ਮੈਨੂੰ ਅਜ਼ਮਾ ਕੇ ਵੇਖਿਐ

ਕਿੰਝ ਰੋਲਿਆ ਸੀ ਵਕਤ ਨੇ ਅਰਮਾਨ ਦਫ਼ਨ ਹੋ ਗਏ
ਇਕ ਮੁੱਖ ਤੋਂ ਚਿੱਟੀ ਚਾਦਰ ਦਾ ਪੱਲਾ ਸਰਕਾ ਕੇ ਵੇਖਿਐ

ਜਦ ਪੰਡ ਬੰਨ੍ਹ ਕੇ ਗ਼ਮਾਂ ਦੀ ਸਿਰ ਤੇ ਰੱਖੀ ਵਕਤ ਨੇ
ਲੜ-ਖੜਾਂਦੇ ਪੈਰਾਂ ਨੇ ਉਹ ਬੋਹਝ ਉਠਾ ਕੇ ਵੇਖਿਐ

ਧੁੱਪਾਂ ਤੇ ਛਾਵਾਂ ਮਾਣੀਆਂ ਮੈਂ ਜ਼ਿੰਦਗੀ ਦੇ ਸਫ਼ਰ 'ਚੋਂ
ਦੁੱਖ-ਸੁੱਖ ਦੋਨੋਂ ਕੱਪੜੇ ਚੰਗੂ ਹੰਢਾ ਕੇ ਵੇਖਿਐ

ਮੱਕੜੀ ਵਾਗੂੰ ਫਸ ਗਿਆ ਸਾਂ ਰਿਸ਼ਤਿਆਂ ਦੇ ਜਾਲ ਅੰਦਰ
ਆਪਣੇ ਦਿਲ ਦੀ ਕਹਿਣ ਲਈ ਸਭ ਸਾਥ ਨਿਭਾ ਕੇ ਵੇਖਿਐ

ਜ਼ਿੰਦਗੀ ਤੋਂ ਤੰਗ ਆ ਕੇ ਮੰਗਿਆਂ ਮਿਲੀ ਨਾ ਮੌਤ ਵੀ
ਕਈ ਮਹਿਫ਼ਲਾਂ 'ਚੋਂ ਖ਼ੁਦ ਨੂੰ ਮੈਂ ਜ਼ਹਿਰ ਪਿਲਾ ਕੇ ਵੇਖਿਐ

ਇਹ ਮੇਰਾ ਹੀ ਪਰਛਾਵਾਂ ਮੇਰੇ ਨਾਲ ਤੁਰਦਾ ਆ ਰਿਹੈ
ਮੈਂ ਜਦ ਕਿਸੇ ਵੀ ਮੋੜ ਤੇ ਗਰਦਨ ਘੁਮਾ ਕੇ ਵੇਖਿਐ

ਇਕ ਓਸ ਸੁਨਹਿਰੀ ਪਲ ਨੇ ਦੁਨੀਆਂ ਹੀ ਮੇਰੀ ਬਦਲਤੀ
ਬੰਦੇ ਦੇ ਰੂਪ 'ਚ ਰੱਬ ਨੂੰ ਜਦ ਸਿਰ ਝੁਕਾ ਕੇ ਵੇਖਿਐ

ਧਰਮ ਦੇ ਨਾਂ ਤੇ 'ਕਰਮ' ਨੇ ਇਹ ਦੁਨੀਆਂ ਵੇਖੀ ਝਗੜਦੀ
ਇਨਸਾਨੀਅਤ ਹੀ ਧਰਮ ਹੈ ਇਸਨੂੰ ਅਪਨਾ ਕੇ ਵੇਖਿਐ

***

✪

ਹਰ ਬੰਦੇ ਦੇ ਨਾਲ ਉਸਦਾ ਤੁਰਦਾ ਰਹੇ ਪਰਛਾਵਾਂ
ਆਸ ਉਮੀਦਾਂ ਦੇ ਸਹਾਰੇ ਰਹਿੰਦਾ ਪੰਧ ਸੁਖਾਵਾਂ

ਹਰ ਬੰਦਾ ਹੀ ਦਿਲ ਦੇ ਅੰਦਰ ਬੁਣਦੈ ਤਾਣੇ-ਬਾਣੇ
ਨਿੱਤ ਉੱਠਦੀਆਂ ਦਿਲ ਵਿੱਚੋਂ ਨਵੀਆਂ ਹੋਰ ਇਛਾਵਾਂ

ਹੋਵਣ ਜਦ ਮਜ਼ਬੂਤ ਇਰਾਦੇ ਮਿਲ ਜਾਂਦੀ ਹੈ ਮੰਜ਼ਿਲ
ਅੱਗੇ ਕਦਮ ਵਧਾਉਂਦੇ ਜਾਂਦੇ ਚੁਣ ਕੇ ਸਹੀ ਦਿਸ਼ਾਵਾਂ

ਜੀਵਨ ਵਿੱਚ ਰੱਬ ਨਾ ਆਵੇ ਲਗਦੈ ਖ਼ਾਲੀ-ਖ਼ਾਲੀ
ਇਸ ਮਕਸਦ ਨੂੰ ਪੂਰਾ ਕਰਦੈ ਕੋਈ ਟਾਵਾਂ-ਟਾਵਾਂ

ਜੀਵਨ ਭਰ ਵੰਡੀਆਂ ਜਿਨ੍ਹਾਂ ਪਿਆਰ ਦੀਆਂ ਖੁਸ਼ਬੋਆਂ
ਦੁਨੀਆਂ ਦੇ ਇਤਿਹਾਸ 'ਚ ਲਿਖਿਆ ਉਹਨਾਂ ਨੇ ਸਿਰਨਾਵਾਂ

ਬਚਪਨ ਤੋਂ ਬੁਢਾਪੇ ਤੱਕ ਦੇ ਜੋ ਵਿਚਕਾਰਲੇ ਪੰਨੇ
ਐਸਾ ਲਿਖ ਜਾਂ' ਲੋਕ ਪੜ੍ਹਨ ਜਦ ਮੈਂ ਜ਼ਿੰਦਾ ਹੋ ਜਾਵਾਂ

ਜ਼ਿੰਦਗੀ ਲੰਬੀ ਜਾਂ ਨਿੱਕੀ ਕਰਦਾ ਰਹਾਂ ਉਪਰਾਲੇ
ਪਿਆਰ ਦੇ ਦੀਪ ਜਗਾ ਸੁੰਨੇ ਰਾਵ੍ਹਾਂ ਨੂੰ ਰੁਸ਼ਨਾਵਾਂ

ਕਵੀ ਕਦੇ ਨਹੀਂ ਬੁੱਢੇ ਹੁੰਦੇ ਰਹਿਣ ਹਮੇਸ਼ਾਂ ਨੱਢੇ
'ਕਰਮ' ਕਮਾਉਂਦੇ ਲੋਕਾਂ ਖ਼ਾਤਰ ਉਮਰਾਂ ਭਰ ਸੇਵਾਵਾਂ

***

✪

ਕਈ ਉਜੜੇ ਵਸਾਏ ਬਜ਼ੁਰਗਾਂ ਦੇ ਸਦਕੇ
ਕਈ ਰੋਂਦੇ ਹਸਾਏ ਬਜ਼ੁਰਗਾਂ ਦੇ ਸਦਕੇ

ਇਹ ਤੁਰੇ ਸੀ ਲੈ ਕੇ ਇਕ ਪਿਆਰ ਦਾ ਮਿਸ਼ਨ
ਜੋ ਨਫ਼ਰਤਾਂ ਮਿਟਾਏ ਬਜ਼ੁਰਗਾਂ ਦੇ ਸਦਕੇ

ਹਨੇਰੇ ਦੀ ਹਿੱਕ ਨੂੰ ਇਹ ਚੀਰਦੇ ਲੰਘੇ
ਲੱਖਾਂ ਦੀਪ ਜਗਾਏ ਬਜ਼ੁਰਗਾਂ ਦੇ ਸਦਕੇ

ਹੈ ਇਹਨਾਂ ਦੀ ਮੰਜ਼ਿਲ ਹੁਣ ਪੈਰਾਂ ਦੇ ਥੱਲੇ
ਲੰਬੇ ਪੰਧ ਮੁਕਾਏ ਬਜ਼ੁਰਗਾਂ ਦੇ ਸਦਕੇ

ਇਹ ਮੌਤੋਂ ਨਹੀਂ ਡਰਦੇ ਮੌਤ ਹੈ ਕੰਬਦੀ
ਇਹਨਾਂ ਮਰਦੇ ਬਚਾਏ ਬਜ਼ੁਰਗਾਂ ਦੇ ਸਦਕੇ

ਹੈ ਇਹਨਾਂ ਦੇ ਸਦਕੇ ਅੱਜ ਸੋਹਣੀਆਂ ਰੁੱਤਾਂ
ਐ ਬਗ਼ੀਚੇ ਸਜਾਏ ਬਜ਼ੁਰਗਾਂ ਦੇ ਸਦਕੇ

ਮਨੁੱਖਤਾ ਲਈ ਕਰਕੇ ਜਵਾਨੀ ਸਮਰਪਤ
ਇਹ ਬਜ਼ੁਰਗੀ ’ਚ ਆਏ ਬਜ਼ੁਰਗਾਂ ਦੇ ਸਦਕੇ

ਇਹ ਚੰਗੇ ਤਜ਼ਰਬੇ ਆਪਾਂ ਸਿੱਖ ਲਈਏ
ਜੋ ਇਹਨਾਂ ਹੰਢਾਏ ਬਜ਼ੁਰਗਾਂ ਦੇ ਸਦਕੇ

ਇਹ ਮਾਨ ਸਨਮਾਨ ਕੋਈ ਐਂਵੇਂ ਨਹੀਂ ਮਿਲਦਾ
‘ਕਰਮ’ ਕਰਕੇ ਵਿਖਾਏ ਬਜ਼ੁਰਗਾਂ ਦੇ ਸਦਕੇ

***

✪

ਪੱਤਝੜ ਦੀ ਰੁੱਤ ਬੀਤ ਗਈ ਮੌਸਮ ਹੁਣ ਰੰਗਦਾਰ ਆ ਗਿਆ
ਹਰ ਬੂਟੇ ਹਰ ਟਹਿਣੀ ਉੱਤੇ ਨਵਾਂ ਫੇਰ ਨਿਖਾਰ ਆ ਗਿਆ

ਕਲੀਆਂ ਨੇ ਜਦ ਬੰਦ ਮੂੰਹ ਖੋਲ੍ਹੇ ਤਿਤਲੀਆਂ ਆ ਝੁਰਮਟ ਪਾਏ
ਕੁਦਰਤ ਐਸੇ ਰੰਗ ਵਿਖੇਰੇ ਮੌਸਮ ਵਿੱਚ ਖ਼ੁਮਾਰ ਆ ਗਿਆ

ਫੁੱਲ ਖਿੜੇ ਸਭ ਰੰਗ ਬਿਰੰਗੇ ਪੌਣਾਂ ਵਿੱਚ ਸੁਗੰਧੀ ਘੁਲ ਗਈ
ਕਾਲੀਆਂ ਰਾਤਾਂ ਰੌਸ਼ਨ ਹੋਈਆਂ ਜੁਗਨੂੰਆਂ ਦਾ ਪਰਿਵਾਰ ਆ ਗਿਆ

ਘਟਾਂ ਕਾਲੀਆਂ ਸਿਖਰੀਂ ਚੜ੍ਹੀਆਂ ਪੈਲਾਂ ਪਾਈਆਂ ਮੋਰਾਂ ਨੇ
ਕੁਦਰਤ ਦੇ ਨਜ਼ਾਰੇ ਵੇਖਣ ਸਾਰਾ ਆਲਮ  ਬਾਹਰ ਆ ਗਿਆ

ਬਾਗਾਂ ਦੇ ਵਿੱਚ ਕੋਇਲ ਬੋਲੇ ਮਿੱਠਾ-ਮਿੱਠਾ ਰਾਗ ਸੁਣਾਵੇ
ਬੁਲਬੁਲ ਨੂੰ ਵੀ ਚੜ੍ਹਗੀ ਮਸਤੀ ਬੁੱਲਾ ਠੰਡਾ-ਠਾਰ ਆ ਗਿਆ

ਰੰਗਾਂ ਦੇ ਨਾਲ ਸਜ ਕੇ ਆਈ ਸਾਂਝਾਂ ਦਾ ਪ੍ਰਤੀਕ ਏ ਹੋਲੀ
ਗਿਲੇ-ਸ਼ਿਕਵੇ ਰਹਿਣ ਨਾ ਕਿਧਰੇ ਖੁਸ਼ੀਆਂ ਦਾ ਤਿਉਹਾਰ ਆ ਗਿਆ

ਬੇਰੰਗੇ ਦੇ ਰੰਗ ਅਨੇਕਾਂ ਸਮਝਾਂ ਨੂੰ ਕੁਝ ਸਮਝ ਨਾ ਆਵੇ
ਜਿਸ ਤੇ ਪਿਆਰ ਦਾ ਰੰਗ ਚੜ੍ਹ ਗਿਆ ਉਸਨੂੰ ਕਰਨਾ ਪਿਆਰ ਆ ਗਿਆ

ਮੇਹਰਾਂ ਦੀ ਜਦ ਬਾਰਸ਼ ਹੋਈ ਜੀਵਨ ਵਿੱਚ ਹਰਿਆਲੀ ਆਈ
'ਕਰਮ' ਤੱਸਲੀ ਰੂਹ ਦੀ ਹੋ ਗਈ ਦਿਲ ਨੂੰ ਚੈਨ ਕਰਾਰ  ਆ ਗਿਆ

***



ਦਰਅਸਲ ਮੇਰੀ ਗਜ਼ਲ ਅਧੂਰੀ ਪਈ ਹੈ ਅਜੇ
ਕਿਰਦਾਰ ਤੋਂ ਸੱਖਣੀ ਬੇਨੂਰੀ ਪਈ ਹੈ ਅਜੇ

ਕਈ ਵਾਰ ਮੈਂ ਲਿਖਣ ਦੀ ਕੋਸ਼ਿਸ਼ ਵੀ ਕੀਤੀ ਏ
ਭਾਵਾਂ ਦੀ ਰੇਤ ਵਿੱਚ ਢੰਗੂਰੀ ਪਈ ਹੈ ਅਜੇ

ਮੈਂ ਇਸ ਵਿੱਚ ਸਜਾਉਣੇ ਨੇ ਪਿਆਰਾਂ ਦੇ ਫੁੱਲ
ਜੋ ਕੰਡਿਆਂ ਦੇ ਨਾਲ ਵਲੂਰੀ ਪਈ ਹੈ ਅਜੇ

ਉਹ ਗਜ਼ਲ ਦਾ ਘਾਣ ਕਰ ਗੇ ਬੇ-ਰਹਿਮੀ ਦੇ ਨਾਲ
ਕਾਤਲਾਂ ਦੀ ਹਰ ਸ਼ਾਮ ਸੰਧੂਰੀ ਪਈ ਹੈ ਅਜੇ

ਕਰੂੰਗਾ ਜ਼ਰੂਰ ਮੈਂ ਦੋ ਹੱਥ ਉਹਨਾਂ ਦੇ ਨਾਲ
ਸੋਚ ਮੇਰੀ ਬਣਦੀ ਜਮਹੂਰੀ ਪਈ ਹੈ ਅਜੇ

ਕਦਮ ਤਾਂ ਮੇਰੇ ਜਾਣਗੇ ਆਖ਼ਰੀ ਪੜਾ ਤੱਕ
ਜਜ਼ਬਿਆਂ ’ਚੋਂ ਉਠਦੀ ਲੂਹਰੀ ਪਈ ਹੈ ਅਜੇ

ਅਜੇ ਤਾਂ ਕਲਪਨਾ ਨੂੰ ਅਮਲਾਂ ਦਾ ਰੰਗ ਦੇਣੈਂ
ਜੋ ਕਲਮਬੰਦ ਕਰਨੀ ਜ਼ਰੂਰੀ ਪਈ ਹੈ ਅਜੇ

ਕੁਰਬਾਨੀਆਂ ਦੇ ਪਿੱਛੋਂ ਆਉਂਦੇ ਨੇ ਸੁਨਹਿਰੀ ਪਲ
‘ਕਰਮ’ ਉਹਨਾਂ ਪਲਾਂ ਵਿੱਚ ਦੂਰੀ ਪਈ ਹੈ ਅਜੇ

***

✪

ਜਿਹਨਾਂ ਦੇ ਦਿਲ ਹੁੰਦੇ ਨੇ ਦਰਿਆਵਾਂ ਵਰਗੇ
ਲੋਕਾਂ ਦੇ ਹਮਦਰਦੀ ਸਕੇ ਭਰਾਵਾਂ ਵਰਗੇ

ਲੈ ਬੁੱਕਲ ਦੇ ਵਿੱਚ ਹੰਝੂ ਪੂੰਝੇ ਜਿਹਨਾਂ ਦੇ
ਐਸੇ ਲੋਕ ਹੁੰਦੇ ਨੇ ਸੱਚ-ਮੁੱਚ ਮਾਵਾਂ ਵਰਗੇ

ਉੱਚੇ-ਨੀਵੇਂ ਬੋਲ ਸਹਾਰਨ ਹੱਸ-ਹੱਸ ਕੇ
ਸਾਊ ਬੰਦੇ ਬਸ ਗੋਰੀਆਂ ਗਾਵਾਂ ਵਰਗੇ

ਜਿਹਨਾਂ ਦੇ ਵਿੱਚ ਹੁਨਰ ਨਹੀਂ ਕੋਈ ਹੱਸਣ ਦਾ
ਚੌਵੀ ਘੰਟੇ ਰੱਖਦੇ ਮੂੰਹ ਖੜਾਵਾਂ ਵਰਗੇ

ਜਾਣ ਗਏ ਜੋ ਜੂਝਣਾ ਨਾਲ ਮੁਸੀਬਤ ਦੇ
ਕਦੇ ਨ ਰੁਕਦੇ ਹੁੰਦੇ ਤੇਜ਼ ਹਵਾਵਾਂ ਵਰਗੇ

ਇਕ-ਮੁੱਠ ਰੱਖਦੇ ਆਏ ਜੋ ਪਰਿਵਾਰਾਂ ਨੂੰ
ਉਹ ਬਾਬੇ ਸਨ ਬੋਹੜਾਂ ਦੀਆਂ ਛਾਵਾਂ ਵਰਗੇ

ਜੋ ਦਿਲ 'ਚੋਂ ਕਰਨ ਪਿਆਰ ਮਨੁੱਖਤਾ ਸਾਰੀ ਨੂੰ
ਮਹਿਕਾਂ ਵੰਡਦੇ ਰਹਿਣ ਲੋਕ ਫਿਜ਼ਾਵਾਂ ਵਰਗੇ

ਭਾਸ਼ਨ ਦੇ ਨਾਲ 'ਕਰਮ' ਬੋਲਦੈ ਜਿਹਨਾਂ ਦਾ
ਸਭ ਦੇ ਦਿਲ ਨੂੰ ਭਾਉਂਦੇ ਸ਼ੋਖ ਅਦਾਵਾਂ ਵਰਗੇ

***

✪

ਇਹ ਪੱਤਝੜ ਕਿਉਂ ਆਈ ਬਹਾਰਾਂ ਤੋਂ ਪੁੱਛੋ
ਅੱਜ ਕੋਇਲ ਕਿਉਂ ਚੁੱਪ ਹੈ ਖਾਰਾਂ ਤੋਂ ਪੁੱਛੋ

ਸਭ ਰੇਲਾਂ ਕਿਉਂ ਬੰਦ ਨੇ ਚੁੱਕੇ ਕਿਉਂ ਝੰਡੇ
ਕੀ ਕਾਰਨ ਹੈ ਇਸਦਾ ਸਰਕਾਰਾਂ ਤੋਂ ਪੁੱਛੋ

ਜੋ ਕਿਰਤੀ ਕਿਰਸਾਨ ਅੱਜ ਭੁੱਖਾ ਕਿਉਂ ਮਰਦੈ
ਉਹਨਾਂ ਵੇਲ੍ਹੜ ਤੇ ਲੋਟੂ ਗਦਾਰਾਂ ਤੋਂ ਪੁੱਛੋ

ਅੱਜ ਲੋਕਾਂ ਵਿੱਚ ਐਨੀ ਨਫ਼ਰਤ ਹੈ ਕਾਹਤੋਂ
ਜਾ ਕੇ ਧਰਮਾਂ ਦੇ ਠੇਕੇਦਾਰਾਂ ਤੋਂ ਪੁੱਛੋ

ਗਲੀਆਂ ਵਿੱਚ ਐਨਾ ਸੰਨਾਟਾ ਅੱਜ ਕਿਉਂ ਹੈ
ਰਫ਼ਲਾਂ ਤੇ ਨੰਗੀਆਂ ਤਲਵਾਰਾਂ ਤੋਂ ਪੁੱਛੋਂ

ਔਹ ਲਾਸ਼ਾਂ ਦੇ ਢੇਰ ਲਾਏ ਅੱਜ ਕਿਸਨੇ
ਭਾੜੇ ਦੇ ਟੁੱਟੂਆਂ ਦੇ ਯਾਰਾਂ ਤੋਂ ਪੁੱਛੋਂ

ਸ਼ਮਸ਼ਾਨਾਂ ਵਿੱਚ ਲਾਸ਼ਾਂ ਕਿੰਨੀਆਂ ਕੁ ਸੜੀਆਂ
ਧੁੱਖਦੇ ਔਹ ਸੱਜਰੇ ਅੰਗਿਆਰਾਂ ਤੋਂ ਪੁੱਛੋਂ

ਸਾਹਿਤ ਦੀ ਰਚਨਾ ਅੱਜ ਮੈਲੀ ਕਿਉਂ ਹੋਈ
ਇਹ ਕਵੀਆਂ ਤੋਂ ਪੁੱਛੋਂ ਫ਼ਨਕਾਰਾਂ ਤੋਂ ਪੁੱਛੋਂ

ਜੋ ਐਨਾ ਕੁਝ ਹੋਇਐ ਦੋਸ਼ੀ ਹੈ ਕਿਹੜਾ
'ਕਰਮ' ਹੁਣ ਆਪਣੇ ਸੰਸਕਾਰਾਂ ਤੋਂ ਪੁੱਛੋ

***

✪

ਨਾ ਕੋਈ ਜ਼ਾਤ ਨਾ ਪਾਤ ਹੁੰਦੀ ਇਸ਼ਕ ਦੀ
ਇਕ ਵੱਖਰੀ ਜਿਹੀ ਜਮਾਤ ਹੁੰਦੀ ਇਸ਼ਕ ਦੀ

ਆਪਣੇ ਪੱਟ ਤੇ ਛੁਰੀ ਚਲਾਈ ਇਸ਼ਕ ਨੇ
ਇਹ ਕੋਈ ਅਨੋਖੀ ਰਾਤ ਹੁੰਦੀ ਇਸ਼ਕ ਦੀ

ਸੂਲੀ ਤੇ ਲਟਕਾਇਆ ਗਿਆ ਮਨਸੂਰ ਨੂੰ
ਅੱਜ ਘਰ-ਘਰ ਦੇ ਵਿੱਚ ਬਾਤ ਹੁੰਦੀ ਇਸ਼ਕ ਦੀ

ਰਹੇ ਭਰਮ ਪਾਲਦੇ ਲੋਕ ਆਸ਼ਕ ਮਰ ਗਿਆ
ਪਰ ਮਰ ਕੇ ਹੀ ਸ਼ੁਰੂਆਤ ਹੁੰਦੀ ਇਸ਼ਕ ਦੀ

ਸੜ ਗਿਆ ਪਤੰਗਾ ਲੋ 'ਤੇ ਆ ਕੇ ਨਾ ਰੁਕਿਆ
ਇੰਝ ਵੇਖੀ ਮੁਲਾਕਾਤ ਹੁੰਦੀ ਇਸ਼ਕ ਦੀ

ਫੁੱਲ ਮਸਲੀਏ ਮਹਿਕ ਕਦੇ ਵੀ ਨਹੀਂ ਮਰਦੀ
ਕੁਝ ਐਸੀ ਹੀ ਕਰਾਮਾਤ ਹੁੰਦੀ ਇਸ਼ਕ ਦੀ

'ਕਰਮ' ਇਸ਼ਕ ਦੇ ਅੱਗੇ ਰੱਬ ਵੀ ਝੁਕ ਜਾਂਦੈ
ਇਉਂ ਸਿਦਕਾਂ ਭਰੀ ਔਕਾਤ ਹੁੰਦੀ ਇਸ਼ਕ ਦੀ

***

✪

ਮੈਂ ਉਸ ਦੀ ਜਾਮਨੀ ਭਰਦਾ ਰਿਹਾ
ਉਹ ਬਦ-ਸਲੂਕੀਆਂ ਕਰਦਾ ਰਿਹਾ

ਉਸਦੇ ਸਿਰ ਪਈਆਂ ਮੁਸੀਬਤਾਂ ਜੋ
ਮੈਂ ਆਪਣੇ ਸਿਰ ਤੇ ਜਰਦਾ ਰਿਹਾ

ਇਨਸਾਨੀਅਤ ਮਰ ਗਈ ਉਸ ਵਿੱਚੋਂ
ਉਸਦੀ ਸੋਚ ਤੇ ਪਿਆ ਪਰਦਾ ਰਿਹਾ

ਕਦੇ ਨਾ ਪੁੱਛਿਆ ਉਸ ਹਾਲ ਮੇਰਾ
ਮੈਂ ਜਿਸ ਦੇ ਲਈ ਹੀ ਮਰਦਾ ਰਿਹਾ

ਐਸਾ ਚੜ੍ਹਿਆ ਹਿਰਨਾਂ ਦੇ ਸਿੰਗੀਂ
ਨਾ ਉਹ ਘਾਟ ਦਾ ਨਾ ਘਰ ਦਾ ਰਿਹਾ

ਖ਼ਬਰੇ ਕਿਵੇਂ ਕਰ ਗਿਆ ਉਹ ਖ਼ੁਦਕਸ਼ੀ
ਜੋ ਮਰਨ ਤੋਂ ਕਿੰਨਾ ਡਰਦਾ ਰਿਹਾ

'ਕਰਮ' ਉਸਦੀ ਕਬਰ ਤੇ ਦੀਵਾ ਬਲੇ
ਕਦਮ ਜੋ ਹਨੇਰਿਆਂ 'ਚ ਧਰਦਾ ਰਿਹਾ

***

✪

ਹੁਣ ਬੀਤੇ ਦਾ ਪਛਤਾਵਾ ਨਾ ਕਰ
ਔਣ ਵਾਲੇ ਦਾ ਦਾਅਵਾ ਨਾ ਕਰ

ਤੂੰ ਵਰਤਮਾਨ ਨੂੰ ਜ਼ਰਾ ਸੰਭਾਲ
ਆਪਣੇ ਨਾਲ ਛਲਾਵਾ ਨਾ ਕਰ

ਅੰਦਰੋਂ-ਬਾਹਰੋਂ ਇਕ ਹੋ ਜਾ ਤੂੰ
ਇਹ ਐਵੇਂ ਲੋਕ ਵਿਖਾਵਾ ਨਾ ਕਰ

ਤੂੰ ਅਜ਼ਨਬੀ ਦੇ ਨਾਲ ਕਦੇ ਵੀ
ਕੋਈ ਐਸਾ ਗਲ ਘਸਾਵਾ ਨਾ ਕਰ

ਤੂੰ ਲਾ ਬੈਠੈਂ ਰੋਗ ਹੱਡਾਂ ਨੂੰ
ਹੁਣ ਮੇਰੇ ਅੱਗੇ ਮਾਵਾ ਨਾ ਕਰ

ਲੋਕਾਂ ਵਾਗੂੰ ਚੁਸਤ ਚਾਲਾਕੀ
ਤੂੰ ਮੇਰੇ ਨਾਲ ਭਰਾਵਾ ਨਾ ਕਰ

ਬੰਦ ਮੁੱਠੀ ਨੂੰ ਬੰਦ ਰੀਹਣ ਦੇ
ਕੁਝ ਇਸ ਤੋਂ ਹੋਰ ਇਲਾਵਾ ਨਾ ਕਰ

ਇਹ ਗਜ਼ਲ 'ਕਰਮ' ਦੀ ਪੜ੍ਹਕੇ ਵੇਖ
ਐਂਵੇ ਫੋਕੀ ਵਾਹਵਾ ਨਾ ਕਰ

***

✪

ਫੂਕ ਤੇਰੀ ਨੇ ਦੀਵੇ ਕੀਤੇ ਗੁੱਲ ਘਰਾਂ ਦੇ
ਖ਼ੂਨ ਦੀ ਹੋਲੀ ਖੇਡੀ ਸੀ ਵਿੱਚ ਕੁੱਲ ਘਰਾਂ ਦੇ

ਜਦ ਲੋਕਾਂ ਦੇ ਘਰ ਬਾਲ-ਬਾਲ ਅੱਗ ਸੇਕੀ ਤੂੰ
ਕੁਝ ਨਹੀਂ ਬਚਿਆ ਸੜ ਗਏ ਵਿੱਚੇ ਜੁੱਲ ਘਰਾਂ ਦੇ

ਹਰ ਘਰ ਦੇ ਵਿਹੜੇ ਅੰਦਰ ਇਕ ਬਗ਼ੀਚੀ ਸੀ
ਪੈਰਾਂ ਹੇਠ ਲਿਤਾੜੇ ਸੋਹਣੇ ਫੁੱਲ ਘਰਾਂ ਦੇ

ਸੀ ਕੀਤੀ ਖ਼ੂਬ ਗਦਾਰੀ ਪਹਿਰੇਦਾਰਾਂ ਨੇ
ਦਿੰਦੇ ਰਹੇ ਜੋ ਆਉਣ ਲਈ ਵਿੱਚ ਖੁੱਲ੍ਹ ਘਰਾਂ ਦੇ

ਸਜ-ਵਿਆਹੀਆਂ ਚੂੜੇ ਭੰਨੇ ਬਾਹਵਾਂ ’ਚੋਂ
ਮੁੜਕੇ ਘਰ ਨਹੀਂ ਆਏ ਕਈ ਅਬਦੁੱਲ ਘਰਾਂ ਦੇ

ਇਕ ਦਿਨ ਹੋਊ ਹਿਸਾਬ ਜੋ ਕੀਤੇ ‘ਕਰਮ’ ਤੁਸਾਂ
ਲੋਕ ਕਚਹਿਰੀ ਵਿੱਚ ਪੈਣਗੇ ਮੁੱਲ ਘਰਾਂ ਦੇ

***



ਯਾਰਾ ਕੀਤੀ
ਮੇਰੇ ਦਿਲ ਤੇ

ਅੱਜ ਗਿਰ ਗਿਐਂ
ਜਿੱਤੀ ਹੋਈ

ਜਾਣ-ਬੁੱਝ ਕੇ
ਸੋਚ ਸਮਝ ਕੇ

ਲਾ ਕੇ ਤੀਲੀ
ਏਸ ਖੇਡ ਦਾ

ਨੀਵਾਂ ਸਦਾ
ਤੇਰੀ ਐਨੀ ਬਣ

ਪੱਗ ਵਟਾ ਕੇ
ਯਾਰਾ ਤੇਰੀ

ਅੰਦਰ ਤੇਰਾ
ਬੋਲੀ ਐਨੀ

‘ਕਰਮ’ ਚੰਗੇ ਜੇ
ਕੀਤੀ ਐਨੀ

✪

ਯਾਰਾ ਕੀਤੀ ਯਾਰੀ ਵਿੱਚ ਗਦਾਰੀ ਕਿਉਂ
ਮੇਰੇ ਦਿਲ ਤੇ ਮਾਰੀ ਸੱਟ ਕਰਾਰੀ ਕਿਉਂ

ਅੱਜ ਗਿਰ ਗਿਐਂ ਤੂੰ ਮੇਰੀਆਂ ਨਜ਼ਰਾਂ 'ਚੋਂ
ਜਿੱਤੀ ਹੋਈ ਬਾਜ਼ੀ ਤੂੰ ਅੱਜ ਹਾਰੀ ਕਿਉਂ

ਜਾਣ-ਬੁੱਝ ਕੇ ਕੀਤੀ ਗ਼ਲਤੀ ਨਹੀਂ ਹੁੰਦੀ
ਸੋਚ ਸਮਝ ਕੇ ਕੀਤੀ ਤੂੰ ਹੁਸ਼ਿਆਰੀ ਕਿਉਂ

ਲਾ ਕੇ ਤੀਲੀ ਡੱਬੂ ਬੈਠੇ ਕੰਧ ਉੱਤੇ
ਏਸ ਖੇਡ ਦਾ ਬਣਿਆਂ ਦੱਸ ਖਿਡਾਰੀ ਕਿਉਂ

ਨੀਵਾਂ ਸਦਾ ਵਿਖਾਉਂਦੇ ਰਹਿਣਾ ਦੂਜੇ ਨੂੰ
ਤੇਰੀ ਐਨੀ ਬਣ ਗਈ ਸੋਚ ਨਿਕਾਰੀ ਕਿਉਂ

ਪੱਗ ਵਟਾ ਕੇ ਸਿਰ ਦੇ ਨਾਲ ਨਿਭਾਉਂਦੇ ਸੀ
ਯਾਰਾ ਤੇਰੀ ਯਾਰੀ ਲੋਕਾਚਾਰੀ ਕਿਉਂ

ਅੰਦਰ ਤੇਰਾ ਭਰਿਆ ਪਿਆ ਕਦੂਰਤ ਦਾ
ਬੋਲੀ ਐਨੀ ਮਿੱਠੀ ਅਤੇ ਪਿਆਰੀ ਕਿਉਂ

'ਕਰਮ' ਚੰਗੇ ਜੇ ਕਰਦਾ ਨੇਕੀ ਮਿਲਣੀ ਸੀ
ਕੀਤੀ ਐਨੀ ਮਾੜੀ ਕਾਰ-ਗੁਜ਼ਾਰੀ ਕਿਉਂ

***



✪

ਹੁਣ ਆਈ ਫੇਰ ਬਹਾਰ ਦੀ ਰੁੱਤ
ਇਹ ਮੌਸਮ ਵਿੱਚ ਖ਼ੁਮਾਰ ਦੀ ਰੁੱਤ

ਬੋਲਣ ਮੋਰ ਘਟਾਵਾਂ ਚੜ੍ਹੀਆਂ
ਇਹ ਬਾਰਸ਼ ਮੋਹਲੇਧਾਰ ਦੀ ਰੁੱਤ

ਖੇਤਾਂ ਵਿੱਚ ਹਰਿਆਲੀ ਆ ਗਈ
ਖਿੜੀ ਹੋਈ ਗੁਲਜ਼ਾਰ ਦੀ ਰੁੱਤ

ਸਾਉਣ ਮਹੀਨਾ ਤੀਆਂ ਲੱਗੀਆਂ
ਮਹਿੰਦੀ ਭਰੇ ਸ਼ਿੰਗਾਰ ਦੀ ਰੁੱਤ

ਬਾਹਵਾਂ ਦੇ ਵਿੱਚ ਰੰਗਲਾ ਚੂੜਾ
ਇਹ ਸਜ-ਵਿਆਹੀ ਨਾਰ ਦੀ ਰੁੱਤ

ਕਿਸੇ ਦਾ ਆਉਣੈਂ ਦਿਲ ਦਾ ਜਾਨੀ
ਇਹ ਚਾਵਾਂ ਅਤੇ ਮੁਲ੍ਹਾਰ ਦੀ ਰੁੱਤ

ਲੰਘੀ ਰੁੱਤ ਜੁਦਾਈਆਂ ਵਾਲੀ
ਖ਼ਤਮ ਹੋਈ ਤਕਰਾਰ ਦੀ ਰੁੱਤ

'ਕਰਮ' ਮਿਟਾਈਏ ਦਿਲਾਂ ਦੇ ਰੋਸੇ
ਪਿਆਰ ਕਰੋ ਬਸ ਪਿਆਰ ਦੀ ਰੁੱਤ

***

✪

ਫੁੱਲਾਂ ਨੂੰ ਜਦ ਵੇਖਣ ਭੰਵਰੇ ਹੋ ਜਾਂਦੇ ਮਸਤਾਨੇ
ਫੁੱਲਾਂ ਦੀ ਖੁਸ਼ਬੋਈ ਅੰਦਰ ਹੋਏ ਫਿਰਨ ਦੀਵਾਨੇ

ਤਿਤਲੀਆਂ ਨੇ ਝੁਰਮਟ ਪਾਇਆ ਫੁੱਲਾਂ ਦੇ ਦੁਆਲੇ
ਫੁੱਲਾਂ ਤੇ ਜਦ ਖੰਭ ਖਿਲਾਰਨ ਲਗਦੇ ਹੋਰ ਸੁਹਾਨੇ

ਜਦ ਕਿਸੇ ਤੇ ਦਿਲ ਆ ਜਾਵੇ ਦਿਲਬਰ ਪਿਆਰਾ ਲਗਦੈ
ਫੁੱਲ ਗੁਲਾਬ ਹੀ ਭੇਟਾ ਹੁੰਦੇ ਯਾਰਾਂ ਦੇ ਨਜ਼ਰਾਨੇ

ਬੂਟਾ ਇਕ ਤੇ ਫੁੱਲ ਕਈ ਰੰਗੇ ਕੁਦਰਤ ਕਰੇ ਕਰਿਸ਼ਮੇ
ਵੇਖ-ਵੇਖ ਕੇ ਦੰਗ ਹੁੰਦੇ ਨੇ ਅਕਲਾਂ ਦੇ ਸਭ ਖ਼ਾਨੇ

ਜਦ ਖੁਸ਼ੀਆਂ ਦੀ ਮਹਿਫ਼ਲ ਜਾਵੇ ਫੁੱਲਾਂ ਨਾਲ ਸ਼ਿੰਗਾਰੀ
ਲੋਕ ਤਾਰੀਫ਼ਾਂ ਕਰਦੇ ਵੇਖੇ ਆਪਣੇ ਅਤੇ ਬਿਗਾਨੇ

ਕੰਡਿਆਂ ਵਾਲੀ ਟਹਿਣੀ ਤੇ ਵੀ ਫੁੱਲ ਟਹਿਕਦੇ ਵੇਖੇ
ਫੁੱਲ ਹਮੇਸ਼ਾਂ ਪਾ ਕੇ ਰੱਖਦੇ ਕੰਡਿਆਂ ਨਾਲ ਯਾਰਾਨੇ

ਫੁੱਲ ਮਰਦੈ ਪਰ ਮਹਿਕ ਨਾ ਮਰਦੀ ਇਹ ਹੈ ਸਹੀ ਹਕੀਕਤ
ਮਰ ਕੇ ਸਦਾ ਜਿਉਂਦੇ ਰਹਿੰਦੇ ਆਸ਼ਕ ਤੇ ਪ੍ਰਵਾਨੇ

ਫੁੱਲਾਂ ਵਾਂਗੂੰ ਮਹਿਕਾਂ ਵੰਡ ਤੂੰ ਫੁੱਲਾਂ ਵਾਂਗੂੰ ਹਾਸੇ
'ਕਰਮ' ਹਮੇਸ਼ਾਂ ਲਿਖਦੇ ਰਹਿਣੈਂ ਪਿਆਰਾਂ ਭਰੇ ਤਰਾਨੇ

***



✪

ਪਿਆਰ ਤੋਂ ਜੀਵਨ ਖ਼ਾਲੀ ਲਗਦੈ ਹੋਰ ਤਰ੍ਹਾਂ
ਜੇ ਮਿਲੇ ਨਾ ਹਮ-ਖ਼ਿਆਲੀ ਲਗਦੈ ਹੋਰ ਤਰ੍ਹਾਂ

ਕੋਈ ਤਾਂ ਆਪਣਾ ਹੋਵੇ ਦਿਲ ਦੀ ਕਹਿਣ ਲਈ
ਗੱਲ ਬੁੱਝੇ ਨਾ ਦਿਲ ਵਾਲੀ ਲਗਦੈ ਹੋਰ ਤਰ੍ਹਾਂ

ਹਾਸਾ-ਖੇਡਾ ਵੀ ਤਾਂ ਅੰਗ ਹੈ ਜ਼ਿੰਦਗੀ ਦਾ
ਜੇ ਚਿਹਰੇ ਤੇ ਨਾ ਲਾਲੀ ਲਗਦੈ ਹੋਰ ਤਰ੍ਹਾਂ

ਆਪਣਿਆਂ ਨੂੰ ਆਪਣੇ ਚੇਤੇ ਆਉਂਦੇ ਨੇ
ਸੱਜਣਾ ਬਾਝ ਦੀਵਾਲੀ ਲਗਦੈ ਹੋਰ ਤਰ੍ਹਾਂ

ਤੇਰੀ ਯਾਦ ਆਈ ਤਾਂ ਅੱਖਾਂ ਭਰ ਆਈਆਂ
ਤੂੰ ਨਹੀਂ ਆਇਆ ਹਾਲੀਂ ਲਗਦੈ ਹੋਰ ਤਰ੍ਹਾਂ

ਆਪਣਿਆਂ ਨੂੰ ਛੱਡ ਕੇ ਬਣ ਗਿਐਂ ਗੈਰਾਂ ਦਾ
ਤੂੰ ਅੱਡ ਪਰੋਸੀ ਥਾਲੀ ਲਗਦੈ ਹੋਰ ਤਰ੍ਹਾਂ

ਸਾਕੀ ਨਾਲ ਵਿਗਾੜ ਕੇ ਤੈਨੂੰ ਕੀ ਮਿਲਿਆ
ਅੱਜ ਖ਼ਾਲੀ ਪਈ ਪਿਆਲੀ ਲਗਦੈ ਹੋਰ ਤਰ੍ਹਾਂ

ਵਾਅਦੇ ਕੀਤੇ 'ਕਰਮ' ਨਿਭਾਉਣੇ ਪੈਂਦੇ ਨੇ
ਤੂੰ ਬਣਿਐਂ ਯਾਰ ਪਲਾਲੀ ਲਗਦੈ ਹੋਰ ਤਰ੍ਹਾਂ

***

✪

ਹੈ ਕੈਸੀ ਤੇਰੀ ਕਲਾ ਐ ਦੁਨੀਆਂ ਦੇ ਮਾਲਕਾ
ਇਹ ਕੈਸਾ ਤੇਰਾ ਸਿਲਸਿਲਾ ਐ ਦੁਨੀਆਂ ਦੇ ਮਾਲਕਾ

ਰੰਗ-ਬਿਰੰਗੀ ਰਚਨਾ ਤੇਰੀ ਆਪ ਹੈਂ ਬੇਰੰਗ ਤੂੰ
ਇਹ ਕਿਥੋਂ ਲਏ ਨੇ ਰੰਗ ਭਲਾ ਐ ਦੁਨੀਆਂ ਦੇ ਮਾਲਕਾ

ਇਕ ਨੂਰ ਦੀ ਉਪਜ ਹੈ ਕਹਿੰਦੇ ਵੱਖੋ-ਵੱਖ ਨੇ ਸੂਰਤਾਂ
ਇਹ ਕੌਣ ਮੁਸੱਵਰ ਹੈ ਮਿਲਾ ਐ ਦੁਨੀਆਂ ਦੇ ਮਾਲਕਾ

ਕਲ-ਕਲ ਕਰਕੇ ਪਾਣੀ ਗਾਵੇ ਵਹਿੰਦੇ ਨਦੀਆਂ ਝਰਨੇ
ਦਿਲ ਹੋ ਜਾਵੇ ਮਨਚਲਾ ਐ ਦੁਨੀਆਂ ਦੇ ਮਾਲਕਾ

ਫੁੱਲ ਮਹਿਕਦੇ ਤਰ੍ਹਾਂ-ਤਰ੍ਹਾਂ ਦੇ ਜਦ ਬਹਾਰਾਂ ਆਉਂਦੀਆਂ
ਬੁੱਲ੍ਹਾ ਆਵੇ ਸਿਲ੍ਹਾ-ਸਿਲ੍ਹਾ ਐ ਦੁਨੀਆਂ ਦੇ ਮਾਲਕਾ

ਜੋ ਵੀ ਤੇਰੀ ਰਜ਼ਾ 'ਚ ਰਹਿੰਦੇ ਉਹ ਹੁੰਦੇ 'ਕਰਮ' ਸੁਖਾਲੇ
ਕਰਦੇ ਨਹੀਂ ਸ਼ਿਕਵਾ-ਗਿਲਾ ਐ ਦੁਨੀਆਂ ਦੇ ਮਾਲਕਾ

ਭਰਦੇ ਪਿਆਰ ਮਨੁੱਖਤਾ ਅੰਦਰ ਨਦਰ ਮੇਹਰ ਦੀ ਕਰ ਦਿਓ
ਚਿੰਬੜੀ ਹੈ ਨਫ਼ਰਤ ਬਲਾ ਐ ਦੁਨੀਆਂ ਦੇ ਮਾਲਕਾ

***

✪

ਮੈਨੂੰ ਆਪਣੀ ਜ਼ਿੰਦਗੀ ਉੱਤੇ ਇਕ ਐਸਾ ਇਤਰਾਜ਼ ਹੈ
ਲੋਕਾਂ ਦੇ ਉਹ ਮੇਚ ਨਾ ਆਇਆ ਜੋ ਇਸਦਾ ਅੰਦਾਜ਼ ਹੈ

ਸੱਚ ਕਹਿਣ ਦਾ ਆਦੀ ਹਾਂ ਮੈਂ ਸੱਚ ਹਮੇਸ਼ਾਂ ਕੌੜਾ ਹੁੰਦੈ
ਏਸੇ ਗੱਲ ਤੋਂ ਦੁਨੀਆਂ ਵਾਲੇ ਮੇਰੇ ਨਾਲ ਨਾਰਾਜ਼ ਹੈ

ਬੰਦਾ ਹੋ ਗਿਆ ਦੂਰ ਬੰਦੇ ਤੋਂ ਇਹ ਸਭ ਕਾਰੇ ਨਫ਼ਰਤ ਦੇ
ਪਿਆਰ ਦੇ ਬਾਝੋਂ ਇਹ ਜ਼ਿੰਦਗਾਨੀ ਬੇ-ਸੁਰਾ ਇਕ ਸਾਜ਼ ਹੈ

ਸੱਚ ਨੂੰ ਵੱਟੇ ਮਾਰਨ ਵਾਲੀ ਫਿਤਰਤ ਰਹੀ ਜ਼ਮਾਨੇ ਦੀ
ਝੂਠ ਦੀ ਹਾਮੀ ਹੱਸ ਕੇ ਭਰਨੀ ਦੁਨੀਆਂ ਦਾ ਰਿਵਾਜ਼ ਹੈ

ਅੱਜ ਦਾ ਮਾਨਵ ਵੇਖਣ ਦੇ ਵਿੱਚ ਤੰਦਰੁਸਤ ਜੋ ਦਿਸਦਾ ਏ
ਗੱਲ ਕਰਨ ਤੇ ਪਤਾ ਹੈ ਲਗਦਾ ਸੋਚਾਂ ਤੋਂ ਅਪਾਹਜ ਹੈ

ਚਿੜੀਆਂ ਦਾ ਤਾਂ ਮਰਨ ਹੋ ਜਾਂਦੈ ਹਾਸਾ ਬਣੇ ਗਵਾਰਾਂ ਦਾ
ਕੋਈ ਇਹਨਾਂ ਤੇ ਜਦੋਂ ਅਚਾਨਕ ਟੁੱਟ ਕੇ ਪੈਂਦਾ ਬਾਜ਼ ਹੈ

ਅੱਖਾਂ ਮੀਚੇ ਤੋਂ ਨਹੀਂ ਦਿਸਦੀ ਬਿੱਲੀ ਜਿਵੇਂ ਕਬੂਤਰ ਨੂੰ
ਜਨਤਾ ਸਾਰੀ ਚੁੱਪ ਹੈ ਓਵੇਂ ਬੇਈਮਾਨੀ ਦਾ ਰਾਜ ਹੈ

ਆਪਣੇ ਹੱਥ ਰੰਗ ਲਏ ਖੂਬ ਅੱਜ ਮੁਨਾਫ਼ਾਖੋਰਾਂ ਨੇ
ਸੱਠ ਰੁਪੱਈਏ ਹੋਏ ਟਮਾਟਰ ਸੌ ਦੇ ਨੇੜ ਪਿਆਜ਼ ਹੈ

ਪੂੰਜੀ ਭਾਵੇਂ ਘੱਟ ਹੈ ਮੇਰੀ ਮਨ ਵਿੱਚ ਤਾਂ ਸੰਤੁਸ਼ਟੀ ਏ
ਦਸਾਂ ਨੰਹੁਾਂ ਦੀ ਕਿਰਤ ਹੈ ਸਾਰੀ 'ਕਰਮ' ਨੂੰ ਇਹ ਤਾਂ ਨਾਜ਼ ਹੈ

***

✪

ਇਸ ਦੁਨੀਆਂ ਤੋਂ ਲੋਕ ਪੁਰਾਣੇ ਚੰਗੇ ਸੀ
ਅੱਜ ਦੇ ਨਾਲੋਂ ਕਿਤੇ ਜ਼ਮਾਨੇ ਚੰਗੇ ਸੀ

ਕਿੰਨਾ ਹੁੰਦਾ ਸੀ ਸਤਿਕਾਰ ਬਜ਼ੁਰਗਾਂ ਦਾ
ਅਕਲਾਂ ਸੋਚਾਂ ਦੇ ਪੈਮਾਨੇ ਚੰਗੇ ਸੀ

ਅੰਕਲ-ਅੰਟੀ ਅੰਦਰ ਸਾਕ ਗੁਆਚ ਗਏ
ਉਹ ਤਾਏ ਚਾਚੇ ਦਾਦੇ ਨਾਨੇ ਚੰਗੇ ਸੀ

ਜਾਂਦੇ ਰਾਹੀ ਫ਼ਤਿਹ ਬੁਲਾਉਂਦੇ ਲੋਕਾਂ ਨੂੰ
ਬੋਹੜਾਂ ਥੱਲੇ ਬੈਠੇ ਦਾਨੇ ਚੰਗੇ ਸੀ

ਸੱਭਿਆਚਾਰ ਨੂੰ ਮੈਲਾ ਕੀਤੈ ਪੈਸੇ ਨੇ
ਉਹ ਢੱਡ ਸਾਰੰਗੀ ਦੇ ਤਰਾਨੇ ਚੰਗੇ ਸੀ

ਭੈ-ਭੀਤ ਹੈ ਦੁਨੀਆਂ ਐਟਮ ਸ਼ਕਤੀ ਤੋਂ
ਇਸ ਨਾਲੋਂ ਤਾਂ ਤੀਰ-ਨਿਸ਼ਾਨੇ ਚੰਗੇ ਸੀ

ਅੱਜ ਮਹਿਲ ਬਣਾਏ ਪੱਕੇ ਚੈਨ ਸਕੂਨ ਨਹੀਂ
ਉਹ ਕੱਚੇ ਘਰਾਂ ਦੇ ਕੜੀਆਂ ਕਾਨੇ ਚੰਗੇ ਸੀ

ਹੁਣ ਪੰਜ ਸੌ ਦਾ ਸੌਦਾ ਝੋਲਾ ਭਰਦਾ ਨਾ
ਉਹ ਸਾਨੂੰ ਡੱਬਲ ਪੈਸੇ ਆਨੇ ਚੰਗੇ ਸੀ

ਨਰਕ ਬਣਾ 'ਤੀ ਦੁਨੀਆਂ 'ਕਰਮ' ਸਿਆਸਤ ਨੇ
ਭੋਲੇ-ਭਾਲੇ ਲੋਕ ਦੀਵਾਨੇ ਚੰਗੇ ਸੀ

***

✪

ਹਵਾ ਐਨੀ ਦੂਸ਼ਤ ਹੋ ਗਈ ਕਿ ਚਿੰਤਾ ਵੱਧ ਗਈ ਜਾਨਾਂ ਦੀ
ਇਹ ਬੰਦਾ ਹੀ ਜੇ ਨਾ ਬਚਿਆ ਫਿਰ ਕੀ ਹੈ ਲੋੜ ਸਾਮਾਨਾਂ ਦੀ

ਤਰ੍ਹਾਂ-ਤਰ੍ਹਾਂ ਦੇ ਬੰਬ ਬਣਾ ਕੇ ਨਸ਼ਟ ਕਰ ਰਿਹਾ ਆਪਣੀ ਹੋਂਦ
ਇਹ ਧਰਤੀ ਇੰਝ ਨਾ ਬਣ ਜਾਵੇ ਜਿਵੇਂ ਹਾਲਤ ਹੈ ਸਮਸ਼ਾਨਾਂ ਦੀ

ਸਭ ਚੀਜ਼ ਮਿਲਾਵਟ ਵਾਲੀ ਏ ਤੇ ਹਰ ਬੰਦਾ ਅੱਜ ਰੋਗੀ ਹੈ
ਸੇਵਾ ਨੂੰ ਬਿਜਨਸ ਸਮਝ ਲਿਆ ਗਈ ਸੋਚ ਬਦਲ ਲੁਕਮਾਨਾਂ ਦੀ

ਬੰਦੇ ਨੇ ਇਸ ਧਰਤੀ ਵਿੱਚੋਂ ਕਾਫ਼ੀ ਕੁਝ ਪ੍ਰਾਪਤ ਕੀਤੈ
ਆਪਣੇ-ਆਪ ਤੋਂ ਹੈ ਨਾ ਵਾਕਿਫ਼ ਖੋਜ ਕਰੇ ਆਸਮਾਨਾਂ ਦੀ

ਹਰ ਪਾਸੇ ਹੈ ਖਿੱਚੋ-ਤਾਣੀ ਚੁੱਕੀ ਫਿਰਦੈ ਬੰਬ-ਬੰਦੂਕਾਂ
ਦੁਨੀਆਂ ਉਂਝ ਵਸਾਉਣੀ ਚਾਹੁੰਦੈ ਬੰਦਾ ਅਮਨ-ਅਮਾਨਾਂ ਦੀ

ਇਹ ਗੱਲ ਬੰਦਾ ਭੁੱਲ ਗਿਆ ਏ ਬੰਦਾ ਹੀ ਬੰਦੇ ਦਾ ਦਾਰੂ
ਉਪਰੋਂ ਪਿਆਰ ਜਤਾਉਂਦਾ ਏ ਪਰ ਅੰਦਰੋਂ ਸੋਚ ਸ਼ੈਤਾਨਾਂ ਦੀ

ਬੰਦਾ ਆਵੇ ਨੇੜ ਬੰਦੇ ਦੇ ਜਾਗ ਪੈਣ ਇਨਸਾਨੀ ਸੋਚਾਂ
ਜੋ ਰੂਪ ਨਿਖਾਰਨ ਧਰਤੀ ਦਾ ਅੱਜ ਲੋੜ ਉਹਨਾਂ ਇਨਸਾਨਾਂ ਦੀ

***

✪

ਵੇਲ੍ਹੜ ਰੱਖੇ ਛਾਵੇਂ-ਛਾਵੇਂ ਮਜ਼ਦੂਰਾਂ ਨੂੰ ਧੁੱਪੇ ਕਿਉਂ
ਉਹਨਾਂ ਦੇ ਤਾਂ ਗੋਗੜ ਪੈਂਦੀ ਸਾਡੇ ਪਿੰਜਰ ਸੁੱਕੇ ਕਿਉਂ

ਉਹ ਜਿੰਨੇ ਹਨ ਮੂੰਹ ਦੇ ਮਿੱਠੇ ਓਨੇ ਦਿਲ ਦੇ ਖੋਟੇ ਨੇ
ਜਿੰਨੇ ਵੀ ਅਧਿਕਾਰ ਨੇ ਸਾਡੇ ਸਭ ਉਹਨਾਂ ਨੇ ਲੁੱਟੇ ਕਿਉਂ

ਵੇਖਣ ਨੂੰ ਤਾਂ ਇੰਝ ਲਗਦੇ ਨੇ ਸਾਊ ਬੀਬੇ ਬੰਦੇ ਉਹ
ਉਹ ਤਾਂ ਸਾਡਾ ਖ਼ੂਨ ਚੂਸਦੇ ਹਰ ਚੜ੍ਹਦੇ ਦਿਨ ਚਿੱਟੇ ਕਿਉਂ

ਉਹ ਵੀ ਮਾਂ ਦੀ ਕੁੱਖ 'ਚੋਂ ਜੰਮੇ ਅਸੀਂ ਵੀ ਮਾਂ ਦੀ ਕੁੱਖੋਂ
ਉਹ ਖਾਂਦੇ ਨੇ ਕਾਜੂ ਗਿਰੀਆਂ ਸਾਡੇ ਟੁੱਕਰ ਰੁੱਖੇ ਕਿਉਂ

ਢਿੱਡੋਂ ਭੁੱਖੇ ਪੈਰੋਂ ਨੰਗੇ ਤਨ ਤੇ ਸਾਡੇ ਲੀਰਾਂ ਨੇ
ਉਹਨਾਂ ਦੀਆਂ ਕਾਰਾਂ ਦੇ ਵਿੱਚ ਬਿਸਕੁਟ ਖਾਂਦੇ ਕੁੱਤੇ ਕਿਉਂ

ਉਹਨਾਂ ਦੇ ਤਾਂ ਜੀਵਨ ਦੇ ਵਿੱਚ ਮੌਜ-ਬਹਾਰਾਂ ਲਿਖੀਆਂ ਤੂੰ
ਸਾਡੇ ਪੱਲੇ ਪੱਤਝੜ ਪਾਈ ਉਹ ਵੀ ਸਾਵਣ ਰੁੱਤੇ ਕਿਉਂ

ਉਹਨਾਂ ਦੀ ਤਾਂ ਨਿੱਤ ਦੀਵਾਲੀ ਸਾਡੇ ਘਰੇ ਹਨ੍ਹੇਰਾ ਕਿਉਂ
ਉਹਨਾਂ ਨੂੰ ਤਾਂ ਖੁੱਲ੍ਹੇ ਗੱਫ਼ੇ ਸਾਡੇ ਲਈ ਹੱਥ ਘੁੱਟੇ ਕਿਉਂ

ਤੇਰਾ ਨੂਰ ਹੈ ਸਭ ਦੇ ਅੰਦਰ ਫਿਰ ਵਖਰੇਵਾਂ ਕਾਹਤੋਂ
ਸਾਡੇ ਲੇਖ ਲਿਖਣ ਵਾਲਿਆ ਲੇਖ ਲਿਖੇ ਦੱਸ ਪੁੱਠੇ ਕਿਉਂ

ਉਹਨਾਂ ਕੱਲਿਆਂ ਦਾ ਹੀ ਰੱਬ ਏਂ ਕਿ ਸਾਡਾ ਵੀ ਕੁਝ ਲਗਦੈਂ
ਸਾਡੇ 'ਕਰਮ' ਕਿਹੋ ਜਿਹੇ ਲਿਖ 'ਤੇ ਭਾਗ ਪਏ ਹਨ ਸੁੱਤੇ ਕਿਉਂ

***

✪

ਮੈਂ ਵੀ ਕਦੇ ਜਵਾਨ ਹੁੰਦਾ ਸੀ
ਕੰਮਾਂ ਵਿੱਚ ਗੁਲਤਾਨ ਹੁੰਦਾ ਸੀ

ਸਿਰ ਤੇ ਚਰ੍ਹੀ ਦੀ ਪੰਡ ਹੁੰਦੀ ਸੀ
ਰੋੜਿਆਂ ਵਾਲਾ ਵਾਹਣ ਹੁੰਦਾ ਸੀ

ਪਹਿਰ ਦੇ ਤੜਕੇ ਹਲ਼ ਜੋ ਜੋੜੇ
ਉਹ ਹਾਲ਼ੀ ਬਲਵਾਨ ਹੁੰਦਾ ਸੀ

ਉਂਝ ਘਰ ਹੁੰਦੇ ਸੀ ਕੱਚੇ ਭਾਵੇਂ
ਪੱਕਾ ਸਿਦਕ ਈਮਾਨ ਹੁੰਦਾ ਸੀ

ਪੂੰਜੀ ਭਾਵੇਂ ਘੱਟ ਹੁੰਦੀ ਸੀ
ਪਰ ਸੋਹਣਾ ਗੁਜ਼ਰਾਨ ਹੁੰਦਾ ਸੀ

ਰਿਸ਼ਤਿਆਂ ਵਿੱਚ ਤਰੇੜਾਂ ਨਹੀਂ ਸਨ
ਆਪਣਿਆਂ ਤੇ ਮਾਨ ਹੁੰਦਾ ਸੀ

ਗੂੜ੍ਹਾ ਹੁੰਦਾ ਸੀ ਭਾਈਚਾਰਾ
ਸਾਰਾ ਕੰਮ ਆਸਾਨ ਹੁੰਦਾ ਸੀ

ਖੂਹ ਹੁੰਦੇ ਸਨ ਤੂਤਾਂ ਵਾਲੇ
ਸੋਹਣਾ 'ਕਰਮ' ਜਹਾਨ ਹੁੰਦਾ ਸੀ

ਜ਼ਿੰਦਗੀ ਨੂੰ ਖੁਸ਼ਹਾਲ ਬਣਾਉਣਾ
ਦਿਲ ਦੇ ਵਿੱਚ ਅਰਮਾਨ ਹੁੰਦਾ ਸੀ

***

✪

ਉੱਚੇ-ਸੁੱਚੇ ਸਾਫ਼ ਚਰਿੱਤਰ ਦਾ ਨਿਰਮਾਣ ਜ਼ਰੂਰੀ ਹੈ
ਬੰਦੇ ਲਈ ਇਨਸਾਨ ਹੋਣ ਦਾ ਇਹ ਪ੍ਰਮਾਣ ਜ਼ਰੂਰੀ ਹੈ

ਲੋਕ ਸਿਆਣੇ ਕਰਨ ਸੰਭਾਲ ਅਕਸਰ ਚੰਗੇ ਵਿਰਸੇ ਦੀ
ਵਾਰਸ ਬਣਕੇ ਫ਼ਰਜ਼ਾਂ ਦਾ ਰੱਖਣਾ ਧਿਆਨ ਜ਼ਰੂਰੀ ਹੈ

ਰੱਬੀ ਕਹਿਰ ਜਦੋਂ ਵੀ ਝੁੱਲੇ ਰਲ ਕੇ ਮੱਦਦਗਾਰ ਬਣੋ
ਪੀੜਤ ਲੋਕਾਂ ਦੀ ਰਾਹਤ ਲਈ ਸਭ ਸਾਮਾਨ ਜ਼ਰੂਰੀ ਹੈ

ਸੋਚ ਪਵਿੱਤਰ ਹੁੰਦੀ ਪਹਿਲਾਂ ਫਿਰ ਕਮਾਵੇ ਨੇਕੀ ਬੰਦਾ
ਮਾਨੁਸ਼ ਜਾਮੇ ਅੰਦਰ ਹੋਣਾ ਇਉਂ ਗੁਣਵਾਨ ਜ਼ਰੂਰੀ ਹੈ

ਸੱਚ ਹੈ ਨੀਹਾਂ ਕੱਚੀਆਂ ਤੇ ਧਰਮ ਦਾ ਮਹਿਲ ਖਲੋਵੇ ਨਾ
ਚਾਰੇ ਪੈਰ ਧਰਮ ਦੇ ਕਿਹੜੇ ਇਹ ਪਹਿਚਾਨ ਜ਼ਰੂਰੀ ਹੈ

ਭਟਕ ਰਹੀ ਮਾਨਵਤਾ ਗੁੰਮ ਰਾਹਾਂ ਵਿੱਚ ਧੱਕੇ ਖਾਂਦੀ
ਮੰਜ਼ਿਲ ਉੱਤੇ ਜੋ ਪਹੁੰਚਾਵੇ ਉਹ ਰਹਿਮਾਨ ਜ਼ਰੂਰੀ ਹੈ

ਚਰਿੱਤਰ ਦਾ ਨਿਰਮਾਣ ਹਮੇਸ਼ਾਂ ਕਰਦੇ ਆਏ ਦਾਨੇ ਲੋਕ
ਧਰਮ ਦੇ ਵਿੱਚ ਸਿਆਸਤ ਨਹੀਂ ਪਰ ਸੰਵਿਧਾਨ ਜ਼ਰੂਰੀ ਹੈ

ਕੰਮ ਅਧੂਰੇ ਬੇਸ਼ੱਕ ਨੇ ਉਹਨਾਂ ਦੀ ਤੂੰ ਨਾ ਕਰ ਚਿੰਤਾ
'ਕਰਮ' ਮਨੁੱਖਤਾ ਸਾਰੀ ਦਾ ਕਰਨਾ ਕਲਿਆਣ ਜ਼ਰੂਰੀ ਹੈ

***

✪

ਮੇਰੀ ਜ਼ਿੰਦਗੀ ਵਿੱਚ ਸੀ ਆਏ ਕਿਤਨੇ ਦਿਨ ਡਰਾਵੇਂ
ਹਾਲਾਤਾਂ ਨੇ ਬਹੁਤ ਰੋਲਿਆ ਮੈਨੂੰ ਬੇਸ਼ੱਕ ਭਾਵੇਂ

ਧੁੱਪਾਂ ਬਹੁਤ ਹੰਢਾਈਆਂ ਸਿਰ ਤੇ ਪਾਣੀ ਬਿਨ ਪਿਆਸਾ
ਬਾਹੋਂ ਫੜ ਕੇ ਆਣ ਕਿਸੇ ਨੇ ਨਹੀਂ ਬਿਠਾਇਆ ਛਾਵੇਂ

ਸਮਾਂ ਕਦੇ ਵੀ ਟਿਕ ਨਾ ਸਕਿਆ ਟਿਕ-ਟਿਕ ਕਰਦਾ ਜਾਵੇ
ਸਜਰੀ ਇਕ ਸਵੇਰ ਸੀ ਮਾਣੀ ਹੁਣ ਢਲ ਗਏ ਪ੍ਰਛਾਵੇਂ

ਰੁੱਤਾਂ ਨੇ ਵੀ ਰੰਗ ਵਟਾਏ ਪੱਤਝੜ ਕਦੇ ਬਹਾਰਾਂ
ਕਈ ਫ਼ਲਾਂ ਨਾਲ ਬੂਟੇ ਲੱਦੇ ਕਈਆਂ ਤੇ ਫ਼ਲ ਟਾਵੇਂ

ਜ਼ਿੰਦਗੀ ਦੇ ਪੜਾਵਾਂ 'ਤੇ ਵਿਛੜ ਗਏ ਪੁਰਾਣੇ ਬੇਲੀ
ਯਾਦਾਂ ਵਿੱਚੋਂ ਚਿਹਰੇ ਗੁੰਮੇ ਕਈਆਂ ਦੇ ਸਿਰਨਾਵੇਂ

ਡੁੱਬਿਆਂ ਨਹੀਂ ਸਿਤਾਰਾ ਮੇਰਾ ਗਰਦਿਸ਼ ਤੋਂ ਘਬਰਾ ਕੇ
ਟਿਮ-ਟਿਮਾਉਂਦਾ ਰਿਹਾ ਹਮੇਸ਼ਾਂ ਰਹਿ ਕੇ ਆਪਣੀ ਥਾਵੇਂ

'ਕਰਮ' ਤੇਰਾ ਮਜ਼ਬੂਤ ਹੌਂਸਲਾ ਪੱਕੇ ਦ੍ਰਿੜ੍ਹ ਇਰਾਦੇ
ਰਾਹੋਂ ਭਟਕੇ ਰਾਹੀਆਂ ਨੂੰ ਫੜ ਮੰਜ਼ਿਲ ਵੱਲ ਲਿਜਾਵੇਂ

***



✪

ਕਾਰੀਗਰੀ ਹੈ ਤੇਰੀ ਯਾਰ ਕਮਾਲ ਦੀ
ਇਕ ਵੀ ਸੂਰਤ ਘੜੀ ਨਾ ਦੂਜੇ ਨਾਲ ਦੀ

ਹਰ ਸ਼ੈ ਤੇਰੀ ਵਧੀਆ ਕੋਈ ਸ਼ੱਕ ਨਹੀਂ
ਕੌਣ ਬਰਾਬਰੀ ਕਰੇ ਏਸ ਮਿਸਾਲ ਦੀ

ਕਾਲੇ ਗੋਰੇ ਰੰਗ ਚੜ੍ਹਾ ਕੇ ਸਭਨਾਂ 'ਤੇ
ਉੱਤੇ ਪਾਈ ਚਾਦਰ ਮਾਇਆ ਜਾਲ ਦੀ

ਕੱਠ-ਪੁਤਲੀਆਂ ਨੱਚਣ ਜਿਵੇਂ ਨਚਾਵੇ ਤੂੰ
ਚਾਬੀ ਤੇਰੇ ਹੱਥ ਵਿੱਚ ਸੁਰ ਤੇ ਤਾਲ ਦੀ

ਕਿਸੇ 'ਚ ਭਰ ਕੇ ਪਿਆਰ ਨੇਕ ਸੁਭਾ ਦਿੱਤਾ
ਕਿਸੇ 'ਚ ਪਾਈ ਨੇਚਰ ਗਰਮ ਖ਼ਿਆਲ ਦੀ

ਪਲ-ਪਲ ਮੌਤ ਡਰਾਵੇ ਤੇਰੇ ਬੰਦੇ ਨੂੰ
ਸਭ ਦੇ ਸਿਰ ਤਲਵਾਰ ਲਟਕਦੀ ਕਾਲ ਦੀ

ਵਾਂਗ ਭੁਕਾਨੇ ਬੰਦੇ ਦੇ ਵਿੱਚ ਫੂਕ ਭਰੀ
ਆਕੜ ਸਹੀ ਨਾ ਜਾਵੇ ਦੂਲੇ ਲਾਲ ਦੀ

ਕਿਉਂ ਲਗਦਾ ਹੈ ਸਿਰ ਕਿਸ ਦੇ ਮਾਰੇ ਤੂੰ
ਸਮਝ ਨਾ ਆਈ ਸਾਨੂੰ ਤੇਰੀ ਚਾਲ ਦੀ

ਤੇਰੀ ਰਚਨਾ ਦਾ ਤਾਂ ਕੋਈ ਅੰਤ ਨਹੀਂ
'ਕਰਮ' ਖੇਡ ਕੀ ਜਾਣੇ ਦੀਨ-ਦਿਆਲ ਦੀ

***

✪

ਬੰਦੇ ਦਾ ਕਿਰਦਾਰ ਵੇਖ ਕੇ ਹੁੰਦੇ ਲੋਕ ਹੈਰਾਨ
ਬੰਦਾ ਹੋ ਕੇ ਨਿੱਤ ਬੰਦਿਆਂ ਦਾ ਕਰਦਾ ਹੈ ਨੁਕਸਾਨ

ਕਿੰਨੀ ਸੋਚ ਨਿਕੰਮੀ ਹੋਈ ਬਣਿਆ ਫਿਰੇ ਦਰਿੰਦਾ
ਬੰਦੇ ਦੇ ਪਹਿਰਾਵੇ ਅੰਦਰ ਲੁਕਿਆ ਫਿਰੇ ਸ਼ੈਤਾਨ

ਭਾਈ-ਭਾਈ ਦਾ ਦੁਸ਼ਮਣ ਬਣਿਆ ਖ਼ੂਨ ਹੋ ਗਿਆ ਚਿੱਟਾ
ਬੰਦਾ ਕਰਨਾ ਭੁੱਲ ਗਿਆ ਹੈ ਵੱਡਿਆਂ ਦਾ ਸਨਮਾਨ

ਉਸ ਬੰਦੇ ਨੂੰ ਬੰਦਾ ਕਹਿਣਾ ਬੰਦੇ ਦੀ ਤੌਹੀਨ
ਪੈਸੇ ਖ਼ਾਤਰ ਵਿਕ ਜਾਂਦਾ ਹੈ ਜਿਸਦਾ ਦੀਨ ਈਮਾਨ

ਨਫ਼ਰਤ ਵਾਲੇ ਬੀ ਬੀਜ ਕੇ ਫਿਰੇ ਪਿਆਰ ਤੋਂ ਖ਼ਾਲੀ
ਹੱਸਦੈ ਨਿੱਤ ਬਨਾਉਟੀ ਹਾਸੇ ਨਕਲੀ ਹੈ ਮੁਸਕਾਨ

ਮਰਦੇ ਨੂੰ ਵੇਖ ਕੇ ਬੰਦਾ ਕੋਲੋਂ ਦੀ ਲੰਘ ਜਾਂਦੈ
ਉਦੋਂ ਕਿਸੇ ਦੀ ਖ਼ਾਤਰ ਆਪਣੀ ਲਾ ਦਿੰਦਾ ਸੀ ਜਾਨ

ਬੰਦਾ ਜੇਕਰ ਖ਼ੁਦ ਸੁਖੀ ਹੈ ਦੁਨੀਆਂ ਲੱਗੇ ਸੋਹਣੀ
ਸੱਚੀ ਗੱਲ ਸਿਆਣੇ ਕਹਿੰਦੇ ਜੀਅ ਦੇ ਨਾਲ ਜਹਾਨ

ਚੰਗੀ ਸੋਚ ਦੇ ਮਾਲਕ ਜਿਹੜੇ ਚੰਗਾ ਰਾਹ ਵਿਖਾਂਦੇ
'ਕਰਮ' ਸਮੁੱਚੀ ਮਾਨਵਤਾ ਦਾ ਕਰ ਦਿੰਦੇ ਕਲਿਆਨ

***

✪

ਮੇਰਾ ਜੀਵਨ ਸਾਥੀ ਬਹੁਤ ਪਿਆਰਾ ਹੈ
ਉਸਦੇ ਸਦਕਾ ਘਰ ਹੀ ਬਲਖ਼-ਬੁਖਾਰਾ ਹੈ

ਜਦ ਵੀ ਕੋਈ ਜੀਵਨ ਸਾਥੀ ਚੁਣਦਾ ਏ
ਪੱਕੇ ਰਿਸ਼ਤੇ ਗੰਢਦਾ ਇਕ ਛੁਆਰਾ ਹੈ

ਲੋਕ ਪਿਆਰ ਕਰਦੇ ਗੋਰੇ ਜਿਸਮਾਂ ਨੂੰ
ਪਿਆਰ ਹਕੀਕੀ ਦਾ ਕੁਝ ਵੱਖ ਨਜ਼ਾਰਾ ਹੈ

ਮਾੜੇ ਜੀਵਨ ਸਾਥੀ ਜੈਸਾ ਨਰਕ ਨਹੀਂ
ਚੰਗੇ ਸਾਥੀ ਨਾਲ ਸਵਰਗ ਹੁਲਾਰਾ ਹੈ

ਇਸ ਰਿਸ਼ਤੇ ਦੀ ਕੀਮਤ ਉਹ ਕੀ ਜਾਨਣਗੇ
ਰਿਸ਼ਤੇ ਵਿੱਚ ਜੇ ਮਾਇਆ ਦਾ ਲਿਸ਼ਕਾਰਾ ਹੈ

ਮੇਰਾ ਹੈ ਆਲੋਚਕ ਮੇਰੇ ਘਰ ਵਾਲੀ
ਹਰ ਗ਼ਜ਼ਲ ਤੇ ਫੇਰਿਆ ਜਿਸਨੇ ਆਰਾ ਹੈ

ਸ਼ੇਅਰ ਪਰਖਦੀ ਸੋਚਾਂ ਦੀ ਕਸਵੱਟੀ ਤੇ
ਜਿਵੇਂ ਪਰਖਦਾ ਸੋਨੇ ਨੂੰ ਸੁਨਿਆਰਾ ਹੈ

ਮੇਰੇ ਦਿਲ ਵਿੱਚ ਚਿੰਤਾ ਹੈ ਬਸ ਲੋਕਾਂ ਦੀ
ਮੇਰਾ ਵਧੀਆ ਦਿਨ ਗੁਜ਼ਰਦਾ ਸਾਰਾ ਹੈ

'ਕਰਮ' ਅਸਾਂ ਨੇ ਹੋਣਾ ਕਦੇ ਮਾਯੂਸ ਨਹੀਂ
ਹਾਸੇ ਵੰਡਣਾ ਇਹੋ ਲਕਸ਼ ਹਮਾਰਾ ਹੈ

***

✪

ਸਾਵਣ ਮੁੜ ਕੇ ਫੇਰ ਆ ਗਿਆ ਹਰ ਟਹਿਣੀ ਫੁੱਲ ਟਹਿਕੇ
ਤੂੰ ਨਾ ਆਇਓਂ ਮੁੜ ਕੇ ਸੱਜਣਾ ਚਾਰ ਕੁ ਲਾਵਾਂ ਲੈ ਕੇ

ਤੂੰ ਕਹਿੰਦਾ ਸੀ ਆ ਜਾਵਾਂਗਾ ਚੜ੍ਹਦੇ ਸਾਉਣ ਮਹੀਨੇ
ਕਿਧਰ ਗਏ ਉਹ ਵਾਹਦੇ ਤੇਰੇ ਗਿਆ ਜ਼ਬਾਨੋ ਕਹਿਕੇ

ਠੰਡੀ-ਠੰਡੀ ਪੌਣ ਦੇ ਬੁੱਲੇ ਮੈਨੂੰ ਲਾਵਣ ਅੱਗਾਂ
ਕਰ ਜਾਂਦੇ ਨੇ ਛੇੜਖਾਨੀਆਂ ਨਾਲ ਬਦਨ ਦੇ ਖਹਿ ਕੇ

ਆਪਣੇ ਅੰਬ ਤੇ ਕਰੇ ਕਲੋਲਾਂ ਇਕ ਕਬੂਤਰ ਜੋੜਾ
ਚੁੰਝਾਂ ਦੇ ਵਿੱਚ ਚੁੰਝਾਂ ਪਾਵੇ ਲੰਮੀ ਲਗਰ ਤੇ ਬਹਿ ਕੇ

ਮੇਰੇ ਦਿਲ ਦੇ ਚਾਅ ਕੁਆਰੇ ਮਿੱਟੀ ਦੇ ਵਿੱਚ ਮਿਲ ਗਏ
ਕੀ ਖੱਟਿਆ ਮੈਂ ਦੱਸ ਜਹਾਨੋਂ ਬੇਕਦਰਾਂ ਸੰਗ ਰਹਿ ਕੇ

ਖੰਭਾਂ ਤੋਂ ਬਣ ਜਾਂਦੀਆਂ ਡਾਰਾਂ ਬਹੁਤ ਜ਼ਮਾਨਾ ਮਾੜਾ
ਗੱਲਾਂ ਕਰਨ ਸ਼ਰੀਕੇ ਵਾਲੇ ਮੂੰਹ ਵਿੱਚ ਉਂਗਲਾਂ ਲੈ ਕੇ

ਜੇ ਤੂੰ ਹੋਵੇਂ ਕੋਲ ਵੇ ਸੱਜਣਾ ਜੀਵਨ ਹੋਵੇ ਸੁਖਾਲਾ
ਨਹੀਂ ਤਾਂ ਕਿਧਰੇ ਮੈਂ ਮਰ ਜਾਊਂ ਖੂਹ ਟੋਭੇ ਵਿੱਚ ਪੈ ਕੇ

ਫੱਟ ਜਿਗਰ ਦੇ ਡੂੰਘੇ ਹੋ ਗਏ 'ਕਰਮ' ਜੁਦਾਈ ਵਾਲੇ
ਝੂਠੀ ਦਿੰਦਾ ਫਿਰੇਂ ਤਸੱਲੀ ਵਿੱਚ ਪਰਦੇਸੀਂ ਰਹਿ ਕੇ

***

✪

ਅਸਲੀ ਨਕਲੀ ਹਰ ਵਸਤੂ ਹੁਣ ਵਿੱਚ ਬਜ਼ਾਰਾਂ ਮਿਲਦੀ
ਸੌ ਦੀ ਕੀਮਤ ਵਾਲੀ ਹੁਣ ਤਾਂ ਵਿੱਚ ਹਜ਼ਾਰਾਂ ਮਿਲਦੀ

ਨਕਲੀ ਚੀਜ਼ ਮੋਹਰ ਲਗਾ ਕੇ ਅਸਲ ਬਣਾਈ ਜਾਂਦੇ
ਅਸਲੀ ਨੂੰ ਜੋ ਛੱਡ ਗਈ ਪਿੱਛੇ ਵਿੱਚ ਕਤਾਰਾਂ ਮਿਲਦੀ

ਨਕਲ ਮਾਰਕੇ ਡਿਗਰੀ ਕਰ ਗਏ ਮਾਨਵਤਾ ਦੇ ਦੁਸ਼ਮਨ
ਨਕਲੀ ਟੀਕੇ ਨਕਲੀ ਦਵਾਈ ਵਿੱਚ ਬਜ਼ਾਰਾਂ ਮਿਲਦੀ

ਪਰਦੇ ਦੇ ਵਿੱਚ ਰਹਿੰਦੀ ਸੀ ਜੋ ਪਰਦੇ ਉੱਤੇ ਆ ਗਈ
ਅੱਜ ਦੀ ਨਾਰੀ ਬੇ-ਪਰਦ ਹੋਈ ਵਿੱਚ ਅਖਬਾਰਾਂ ਮਿਲਦੀ

ਬੇਵੱਸ ਤੇ ਮਜ਼ਬੂਰੀ ਹੱਥੋਂ ਲਾਲ ਕੀਮਤੀ ਰੁਲਦੇ
ਢਿੱਡੋਂ ਭੁੱਖੀ ਜਨਤਾ ਵੇਖੋ ਵਿੱਚ ਲੰਗਾਰਾਂ ਮਿਲਦੀ

ਈਮਾਨਦਾਰੀ ਤਾਂ ਤੁਰ ਗਈ ਕਿਧਰੇ ਮੂੰਹ ਛੁਪਾ ਕੇ
ਰਿਸ਼ਵਤਖ਼ੋਰੀ ਬੇਈਮਾਨੀ ਵਿੱਚ ਕਿਰਦਾਰਾਂ ਮਿਲਦੀ

ਗੀਤ ਕਿਸੇ ਦਾ ਗ਼ਜ਼ਲ ਕਿਸੇ ਦੀ ਸ਼ੇਅਰ ਚੁਰਾ ਕੇ ਚੋਰੀ
ਸ਼ਹੁਰਤ ਕਵੀਆਂ ਵਾਲੀ ਇਉਂ ਨ ਵਿੱਚ ਦਰਬਾਰਾਂ ਮਿਲਦੀ

ਘਟੀਆ 'ਕਰਮ' ਕਰਨ ਤੇ ਅਕਸਰ ਸਹਿਣੀ ਪਵੇ ਨਾਮੋਸ਼ੀ
ਦਾਨਸ਼ਮੰਦਾਂ ਨੂੰ ਫਿਰ ਇੱਜ਼ਤ ਵਾਂਗ ਗਵਾਰਾਂ ਮਿਲਦੀ

***

✪

ਬਚਪਨ ਵਾਲੇ ਦਿਨ ਜ਼ਮਾਨਾ ਕਿਧਰ ਗਿਆ
ਈਚਕ ਦਾਨਾ ਮੀਚਕ ਦਾਨਾ ਕਿਧਰ ਗਿਆ

ਤੇਰੀ ਮੇਰੀ ਸਾਂਝ ਤਾਂ ਕਿੰਨੀ ਗੂੜ੍ਹੀ ਸੀ
ਛੱਡ ਕੇ ਮੈਨੂੰ ਬਣ ਬਿਗਾਨਾ ਕਿਧਰ ਗਿਆ

ਦੀਵੇ ਦੀ ਲੋਅ ਲਟਾ-ਲਟਾ ਬਲਦੀ ਰਹੀ
ਵੇਖਣ ਆਇਆ ਜੋ ਪ੍ਰਵਾਨਾ ਕਿਧਰ ਗਿਆ

ਜਿੰਨੇ ਮਾਰੇ ਤੁੱਕੇ ਸਾਰੇ ਕੰਮ ਆਏ
ਇਕ ਮਾਰਿਆ ਤੀਰ ਨਿਸ਼ਾਨਾ ਕਿਧਰ ਗਿਆ

ਕਲ੍ਹ ਬੈਠ ਕੇ ਆਪਾਂ ਗੱਲਾਂ ਕਰਦੇ ਰਹੇ
ਬਿਨ ਦੱਸੇ ਤੋਂ ਹੋ ਰਵਾਨਾ ਕਿਧਰ ਗਿਆ

ਬਿਨਾ ਵਜ੍ਹਾ ਤੋਂ ਲੜਦੈਂ ਘਰ ਦੇ ਜੀਆਂ ਨਾਲ
ਹੁਣ ਦਸ ਤੇਰੀ ਅਕਲ ਦਾ ਖ਼ਾਨਾ ਕਿਧਰ ਗਿਆ

ਬਾਂਹ ਫੜਾ ਕੇ ਮੇਰੀ ਤੂੰ ਬੁਢਾਪੇ ਨੂੰ
ਮੇਰੇ ਕੋਲੋਂ ਖਿਸਕ ਜਵਾਨਾ ਕਿਧਰ ਗਿਆ

ਬੁੱਕਾਂ ਨਾਲ ਅੱਜ ਪਿਲਾਈ ਜਾਨੈਂ ਤੂੰ
ਸਾਕੀ ਤੇਰਾ ਉਹ ਪੈਮਾਨਾ ਕਿਧਰ ਗਿਆ

'ਕਰਮ' 'ਚ ਢਲੀਆਂ ਗਜ਼ਲਾਂ ਜ਼ਿੰਦਾ ਰਹਿਣ ਸਦਾ
ਕਰਮ ਤੋਂ ਖ਼ਾਲੀ ਜੋ ਤਰਾਨਾ ਕਿਧਰ ਗਿਆ

***

✪

ਲੋਕ ਭੁਲਾ ਨਹੀਂ ਸਕਦੇ ਕਦੇ ਵੀ ਯਾਦ ਸ਼ਹੀਦਾਂ ਦੀ
ਕੁਰਬਾਨੀ ਦੇ ਕੇ ਬੰਨ੍ਹੀ ਜੋ ਬੁਨਿਆਦ ਸ਼ਹੀਦਾਂ ਦੀ

ਸੱਚ ਦੇ ਹੀ ਪ੍ਰਵਾਨੇ ਜਾ ਕੇ ਸ਼ਮ੍ਹਾਂ ਤੇ ਸੜਦੇ ਰਹੇ
ਰੂਹ ਸਦਾ ਹੀ ਰਹਿੰਦੀ ਏ ਆਜ਼ਾਦ ਸ਼ਹੀਦਾਂ ਦੀ

ਸੀ ਪੈਰ ਉਖੇੜੇ ਦੁਸ਼ਮਣ ਦੇ ਤੇ ਭਾਜੜ ਪਾ ਦਿੱਤੀ
ਘੱਟ-ਗਿਣਤੀ ਵਿੱਚ ਭਾਵੇਂ ਸੀ ਤਾਇਦਾਦ ਸ਼ਹੀਦਾਂ ਦੀ

ਉਹ ਮੌਤੋਂ ਬੇ-ਪ੍ਰਵਾਹੇ ਆਖ਼ਰ ਸੱਚ ਤੇ ਡਟੇ ਰਹੇ
ਸੀ ਪਰਖ਼ ਸੂਲੀ ਤੇ ਕਰਦੇ ਰਹੇ ਜੱਲਾਦ ਸ਼ਹੀਦਾਂ ਦੀ

ਅੱਜ ਲੱਖਾਂ ਬਣੀਆਂ ਯਾਦਗਾਰਾਂ ਤੇ ਮੇਲੇ ਲਗਦੇ ਨੇ
ਸਦੀਆਂ ਤੱਕ ਰਹੂ ਹੁੰਦੀ ਜ਼ਿੰਦਾਬਾਦ ਸ਼ਹੀਦਾਂ ਦੀ

ਇਤਿਹਾਸ 'ਚ ਪੰਨੇ ਲਿਖੇ ਸੁਨਹਿਰੀ ਗਏ ਸ਼ਹੀਦਾਂ ਦੇ
ਅੱਜ ਨਾਲ ਫ਼ਖ਼ਰ ਦੇ ਜਿਉਂਦੀ ਏ ਔਲਾਦ ਸ਼ਹੀਦਾਂ ਦੀ

ਉਹਨਾਂ ਵਾਲੀ ਸੋਚ ਤੇ ਪਹਿਰਾ ਦੇਣਾ ਪਊ ਡਟ ਕੇ
ਰਹਿ ਨਾ ਜਾਏ ਅਧੂਰੀ ਕਿਤੇ ਮੁਰਾਦ ਸ਼ਹੀਦਾਂ ਦੀ

ਦੇਸ਼ ਭਗਤ ਤੇ ਯੋਧੇ ਹੁੰਦੇ ਰਹੇ ਕੁਰਬਾਨ ਸਦਾ
ਅਕਸਰ ਕੀਮਤ ਪੈਂਦੀ ਮਰਨ ਤੋਂ ਬਾਦ ਸ਼ਹੀਦਾਂ ਦੀ

ਕਦੇ ਫ਼ਰਜ਼ ਨਾ ਪੂਰੇ ਹੋਣੇ ਫੁੱਲ ਚੜ੍ਹਾ ਕੇ ਬੁੱਤਾਂ ਦੇ
ਜੇ 'ਕਰਮ' ਨਾਲ ਨਾ ਕੀਤੀ ਗਈ ਇਮਦਾਦ ਸ਼ਹੀਦਾਂ ਦੀ

***

✪

ਮਾਨਵ ਦੀ ਤਾਣੀ ਉਲਝੀ ਸਿਆਸੀ ਗੁੰਝਲਾਂ ਅੰਦਰ
ਵੇਖੋ ਬੰਦਾ ਫਸਿਆ ਡੂੰਘੀਆਂ ਦਲਦਲਾਂ ਅੰਦਰ

ਖ਼ੈਰ ਮੰਗੋ ਗੁਲਸ਼ਨ ਦੀ ਰਲ-ਮਿਲ ਕੇ ਸਾਰੇ ਦੋਸਤੋ
ਅੱਗ ਦੇ ਗੋਲੇ ਫਿੱਟ ਨੇ ਮਾਰੂ ਮਿਜ਼ਾਈਲਾਂ ਅੰਦਰ

ਜ਼ਮਾਨੇ ਦੀ ਹਵਾ ਬਦਲੀ ਆਪਣੇ ਹੀ ਗੈਰ ਹੋਏ
ਦੂਨੀਆਂ ਲੱਗੇ ਓਪਰੀ ਸੱਥਾਂ ਤੇ ਮਹਿਫ਼ਲਾਂ ਅੰਦਰ

ਆਲ੍ਹਣੇ ਢਾਹੁਣੇ ਕਿਸੇ ਦੇ ਫਿਤਰਤ ਹੁੰਦੀ ਕਾਵਾਂ ਦੀ
ਪਰ ਮਧੁਰ ਸੁਰ ਪਿਆਰ ਦੀ ਹੁੰਦੀ ਏ ਬੁਲਬੁਲਾਂ ਅੰਦਰ

ਸੀ ਫੁੱਲਾਂ ਦੀ ਚਾਹਤ ਐਪਰ ਚੁਭਣ ਮਿਲੀ ਕੰਡਿਆਂ ਦੀ
ਰੋੜਾਂ ਤੇ ਸੌਂਦੇ ਵੇਖੇ ਪਲ਼ੇ ਜੋ ਮਖ਼ਮਲਾਂ ਅੰਦਰ

ਜਵਾਨੀ ਤਬਾਹ ਕੀਤੀ ਲੱਖਾਂ ਘਰ ਬਰਬਾਦ ਹੋਏ
ਕਿਉਂ ਜ਼ਹਿਰ ਪੀ ਰਹੇ ਲੋਕ ਅਜੇ ਵੀ ਬੋਤਲਾਂ ਅੰਦਰ

ਕਿਸਾਨ ਬੀਜ ਪਾਉਂਦੈ ਪਹਿਲਾਂ ਸੋਧ ਕੇ ਤੇ ਪਰਖ ਕੇ
ਫਿਰ ਵੀ ਕੋਈ ਕਾਂ-ਗਿਆਰੀ ਹੁੰਦੀ ਏ ਫ਼ਸਲਾਂ ਅੰਦਰ

ਮਾਇਆ ਦੀ ਦੌੜ ਲੱਗੀ ਬੰਦੇ ਨੂੰ ਵੇਹਲ ਕਿੱਥੇ
ਧਰਮ ਦਾ 'ਕਰਮ' ਕਰਦੈ ਪੈਂਦਾ ਜਦ ਮੁਸ਼ਕਿਲਾਂ ਅੰਦਰ

***

✪

ਆਓ ਨਿਗ੍ਹਾ ਮਾਰੀਏ ਅਸੀਂ ਆਪਣੇ ਘਰਾਂ ਵਿੱਚ
ਕਿਤੇ ਸਾਡਾ ਈ ਬਜ਼ੁਰਗ ਤਾਂ ਨਹੀਂ ਬੈਠਾ ਦਰਾਂ ਵਿੱਚ

ਚਾਵਾਂ ਤੇ ਮੁਲਾਰਾਂ ਨਾਲ ਝੁਲਾਉਂਦਾ ਸੀ ਭੰਘੂੜਾ
ਅੱਜ ਉਸੇ ਦੀ ਮੰਜੀ ਛੱਡ ਆਏ ਹਾਂ ਸਰਾਂ ਵਿੱਚ

ਜੋ ਟੁੱਟਣੋਂ ਬਚਾਉਂਦਾ ਰਿਹੈ ਪਿਆਰ ਦੀਆਂ ਤੰਦਾਂ
ਬਿਗਾਨਿਆਂ ਦੇ ਵਾਂਗ ਰਹਿੰਦਾ ਆਪਣੇ ਗਰਾਂ ਵਿੱਚ

ਆਸਮਾਨੀ ਪਹੁੰਚਾਇਆ ਬਿਠਾ ਕੇ ਜਿਸ ਖੰਭਾਂ ਤੇ
ਅੱਜ ਹਿੰਮਤ ਨਾ ਰਹੀ ਭੋਰਾ ਉਸੇ ਦਿਆਂ ਪਰਾਂ ਵਿੱਚ

ਉਹਨਾਂ ਉਮਰਾਂ ਲਗਾਤੀਆਂ ਜਾਣ ਲਈ ਮੰਜ਼ਿਲ ਤੇ
ਬਣਾਲਈਆਂ ਰੇਖਾਵਾਂ ਨੇਕ ਆਪਣਿਆਂ ਕਰਾਂ ਵਿੱਚ

ਉਹ ਪਿੰਜਰੇ 'ਚ ਰਹਿਣ ਕਿਵੇਂ ਪੰਛੀ ਆਜ਼ਾਦ ਜਿਹੜੇ
ਲਗਦੀ ਨਾ ਚੂਰੀ ਚੰਗੀ ਕੈਦਖ਼ਾਨੇ ਘਰਾਂ ਵਿੱਚ

ਖਾਧੀਆਂ ਖੁਰਾਕਾਂ ਤਾਂਹੀਂ ਉਮਰਾਂ ਸੀ ਲੰਬੀਆਂ
ਇੰਝ ਨਾਮ ਲਿਖਵਾਏ ਉਹਨਾਂ ਸੂਰਬੀਰ ਨਰਾਂ ਵਿੱਚ

ਕੀ ਹੋ ਗਿਆ ਏ ਯਾਰੋ ਜੇ ਹੋਏ ਸਾਜ਼ ਨੇ ਪੁਰਾਣੇ
ਜ਼ਰਾ ਛੇੜਕੇ ਤਾਂ ਵੇਖੋ ਉਹੀ ਰਾਗ਼ਨੀ ਸੁਰਾਂ ਵਿੱਚ

ਹੁਣ ਵਿਰਸੇ ਦੀ ਸੰਭਾਲ ਕਰੋ ਸਮੇਂ ਦੀ ਇਹ ਮੰਗ ਹੈ
ਐ 'ਕਰਮ' ਇਹਦੀ ਸਿਰਜਨਾ ਤਾਂ ਹੋਈ ਏ ਚਿਰਾਂ ਵਿੱਚ

***

✪

ਜਿਹੜਾ ਚਾਪੂਲਸੀ ਕਰੇ ਜ਼ਮਾਨਾ ਓਸੇ ਦਾ
ਜੇ ਨੋਟ ਕੋਲ ਹਨ ਖਰੇ ਜ਼ਮਾਨਾ ਓਸੇ ਦਾ

ਝੂਠ ਦਾ ਪਲੜਾ ਭਾਰੀ ਸੱਚ ਖ਼ਾਮੋਸ਼ ਦਿਸੇ
ਇਲਜ਼ਾਮ ਸੱਚ ਤੇ ਧਰੇ ਜ਼ਮਾਨਾ ਓਸੇ ਦਾ

ਲਾਉਣੀ ਤੇ ਬੁਝਾਉਣੀ ਜੇਕਰ ਆਉਂਦੀ ਹੈ
ਜੋ ਲੋਕਾਂ ਦੇ ਕੰਨ ਭਰੇ ਜ਼ਮਾਨਾ ਓਸੇ ਦਾ

ਜਦ ਐਸਾ ਬੋਲੇ ਝੂਠ ਕਿ ਪੂਰਾ ਸੱਚ ਲੱਗੇ
ਨਾ ਝੂਠ ਬੋਲਣੋਂ ਡਰੇ ਜ਼ਮਾਨਾ ਓਸੇ ਦਾ

ਖ਼ੁਸ਼ਾਮਦ ਕਰਨੀ ਆਉਂਦੀ ਹੋਵੇ ਬੰਦੇ ਨੂੰ
ਫਿਰ ਗੱਲਾਂ ਨਾਲ ਕੰਮ ਸਰੇ ਜ਼ਮਾਨਾ ਓਸੇ ਦਾ

ਸਿਆਸਤ ਵਾਲੇ ਦਾਅ-ਪੇਚ ਜੇ ਆਉਂਦੇ ਨੇ
ਫਿਰ ਦੁਨੀਆਂ ਆਵੇ ਘਰੇ ਜ਼ਮਾਨਾ ਓਸੇ ਦਾ

ਉਹ ਲਾ ਕੇ ਉਂਗਲਾਂ ਸਿਰ ਪੜਵਾਵੇ ਲੋਕਾਂ ਦੇ
ਪੀ ਵਿਸਕੀ ਮੁਰਗੇ ਚਰੇ ਜ਼ਮਾਨਾ ਓਸੇ ਦਾ

ਸੋਲਾਂ ਆਨੇ ਗੱਲਾਂ ਖਰੀਆਂ 'ਕਰਮ' ਦੀਆਂ
ਜੋ ਬਾਰਾਂ ਪੱਤਣ ਤਰੇ ਜ਼ਮਾਨਾ ਓਸੇ ਦਾ

***

✪

ਸੁੱਖ ਦੱਬੇ ਹੁੰਦੇ ਨੇ ਮੁਸੀਬਤਾਂ ਦੇ ਢੇਰ ਵਿੱਚ
ਵਕਤ ਲੱਗ ਜਾਂਦਾ ਏ ਸਮੇਂ ਦੀ ਹੇਰ-ਫੇਰ ਵਿੱਚ

ਰਾਤਾਂ ਨੂੰ ਸੰਵਾਰਿਐ ਟਿਮ-ਟਿਮਾਂਦੇ ਜੁਗਨੂੰਆਂ
ਬਾਲਦੇ ਨੇ ਦੀਵੇ ਲੋਕ ਸੰਘਣੇ ਹਨੇਰ ਵਿੱਚ

ਮੁਹੱਬਤਾਂ ਦੀ ਛਾਂ ਥੱਲੇ ਦਿਲਾਂ ਨੂੰ ਸਕੂਨ ਮਿਲੇ
ਹੋਇਆ ਤਕਰਾਰ ਜਦੋਂ ਹੋਇਐ ਤੇਰ-ਮੇਰ ਵਿੱਚ

ਕੰਡਿਆਂ ਦੀ ਚੋਭ ਫਿਰ ਰਤਾ ਨਾ ਮਹਿਸੂਸ ਹੁੰਦੀ
ਟਿਕਿਆ ਧਿਆਨ ਹੁੰਦੈ ਲਾਲ ਸੂਹੇ ਬੇਰ ਵਿੱਚ

ਕਾਹਲੀ ਨਾਲ ਕੰਮ ਕਰੇ ਹੁੰਦੈ ਨੁਕਸਾਨ ਕੋਈ
ਛੁਪੇ ਕੁਝ ਰਾਜ਼ ਹੁੰਦੇ ਲੱਗੀ ਹੋਈ ਦੇਰ ਵਿੱਚ

ਕਿਸੇ ਦੀ ਗਰਜ਼ ਪੂਰੀ ਕਰੇ ਨਾ ਕੰਜੂਸ ਬੰਦਾ
ਨੇਕੀ ਵਾਲੇ ਗੁਣ ਹੁੰਦੇ ਆਦਮੀ ਦਲੇਰ ਵਿੱਚ

ਕੁਝ ਵੀ ਨਾ ਹੋਣਾ ਜਦੋਂ ਸ਼ਾਮ ਢਲੂ ਜ਼ਿੰਦਗੀ ਦੀ
ਤੂੰ ਜਿਹੜੇ ਕੰਮ ਕਰਨੇ ਉਹ ਕਰ ਲੈ ਸਵੇਰ ਵਿੱਚ

ਕੁਝ ਐਸੇ ਹੀ 'ਕਰਮ' ਕਰ ਪਿਆਰ ਦੀ ਮਹਿਕ ਆਵੇ
ਖੁਸ਼ਬੂ ਹੈ ਭਰੀ ਜਿਵੇਂ ਫੁੱਲਾਂ ਦੀ ਚੰਗੇਰ ਵਿੱਚ

***



✪

ਮੇਰੇ ਤੋਂ ਸ਼ਰਮਾਇਆ ਨਾ ਕਰ
ਦਿਲ ਦਾ ਰਾਜ਼ ਛੁਪਾਇਆ ਨਾ ਕਰ

ਮੂੰਹ ਨੂੰ ਚੁੱਪ ਦਾ ਤਾਲਾ ਲਾ ਕੇ
ਅੱਖਾਂ ਵਿੱਚ ਮੁਸਕਾਇਆ ਨਾ ਕਰ

ਚੰਦ ਬੱਦਲਾਂ ਵਿੱਚ ਸੋਹਣਾ ਲਗਦੈ
ਜ਼ੁਲਫਾਂ ਪਰ੍ਹੇ ਹਟਾਇਆ ਨਾ ਕਰ

ਹੁਸਨ ਦੇ ਬਹੁਤਾ ਮਾਣ 'ਚ ਆ ਕੇ
ਮੇਰਾ ਦਿਲ ਤੜਫਾਇਆ ਨਾ ਕਰ

ਆਇਆ ਕਰ ਤੂੰ ਛੇਤੀ-ਛੇਤੀ
ਜਲਦੀ-ਜਲਦੀ ਜਾਇਆ ਨਾ ਕਰ

ਸੱਚਾ ਪਿਆਰ ਨਿਭਾਉਣਾ ਜੇਕਰ
ਫਿਰ ਤੂੰ ਅੱਖ ਚੁਰਾਇਆ ਨਾ ਕਰ

ਇਸ਼ਕ ਦੇ ਰਾਹ ਵਿੱਚ ਸੂਲਾਂ ਕੰਡੇ
ਤੁਰਨੈਂ ਤਾਂ ਘਬਰਾਇਆ ਨਾ ਕਰ

ਤੇਰੇ ਹੰਝੂ ਮੋਤੀਆਂ ਵਰਗੇ
ਯਾਦਾਂ ਵਿੱਚ ਗੰਵਾਇਆ ਨਾ ਕਰ

ਗਜ਼ਲ 'ਕਰਮ' ਦੀ ਬਸ ਤੇਰੇ ਲਈ
ਗੈਰਾਂ ਕੋਲ ਸੁਣਾਇਆ ਨਾ ਕਰ

***

✪

ਸੋਚਾਂ ਨੂੰ ਅਧਰੰਗ ਹੋ ਗਿਆ ਕਰ ਲਏ ਜੋ ਬਟਵਾਰੇ ਨੇ
ਖ਼ੂਨ ਦਾ ਰੰਗ ਹੋ ਗਿਆ ਚਿੱਟਾ ਰਿਸ਼ਤੇ ਬਣ ਗਏ ਖਾਰੇ ਨੇ

ਮਾਂ-ਧੀ ਵਾਲੀ ਸਾਂਝ ਪੁਰਾਣੀ ਉਸ ਵਿੱਚ ਅੱਜ ਤਰੇੜਾਂ ਪਈਆਂ
ਰਿਸ਼ਤਿਆਂ ਦੀ ਪਹਿਚਾਨ ਭੁਲਾ 'ਤੀ ਮਾਇਆ ਦੇ ਲਿਸ਼ਕਾਰੇ ਨੇ

ਪ੍ਰਾਤਾਂ ਦੀਆਂ ਲਕੀਰਾਂ ਖਿੱਚ ਕੇ ਹੁੰਦੇ ਪਏ ਨੇ ਫ਼ਿਰਕੂ ਦੰਗੇ
ਅੱਗਾਂ ਲਾ-ਲਾ ਘਰ ਫੂਕਤੇ ਧੁਖਦੇ ਪਏ ਅੰਗਿਆਰੇ ਨੇ

ਸਿਰ ਤੇ ਭੂਤ ਅਸਵਾਰ ਏ ਬੰਦਾ ਖ਼ੂਨ ਦੀ ਹੋਲੀ ਖੇਡ ਰਿਹੈ
ਉਹ ਵੀ ਤਾਂ ਪਰਿਵਾਰ ਸੀ ਆਪਣਾ ਕਲ੍ਹ ਤੱਕ ਜਿਹੜੇ ਮਾਰੇ ਨੇ

ਸਿਵਿਆਂ ਦੀ ਅੱਗ ਮੁਰਦੇ ਖਾਣੀ ਇਹ ਭੁੱਖੀ ਦੀ ਭੁੱਖੀ ਓਂਵੇਂ
ਲਾਸ਼ਾਂ ਢੋਹ-ਢੋਹ ਕੰਧਿਆਂ ਉੱਤੇ ਲੋਕ ਪਏ ਹੁਣ ਹਾਰੇ ਨੇ

ਇਨਸਾਨਾਂ ਦੀ ਕੀਮਤ ਘੱਟ ਗਈ ਖ਼ੁਦਗਰਜ਼ਾਂ ਦੀ ਮੰਡੀ ਅੰਦਰ
ਜੋ ਸਤਿਕਾਰੇ ਜਾਂਦੇ ਸੀ ਕਲ੍ਹ ਅੱਜ ਜਾਂਦੇ ਦੁਰਕਾਰੇ ਨੇ

ਹੈ ਕੋਈ ਜਿਹੜਾ ਅੱਗੇ ਆਵੇ ਮਾਨਵਤਾ ਦੇ ਹੰਝੂ ਪੂੰਝੇ
ਲੋਕ ਹੀ ਆ ਕੇ ਲੋਕਾਂ ਦੇ ਸਦਾ ਬਣਦੇ ਰਹੇ ਸਹਾਰੇ ਨੇ

ਜਿਉਂ ਮਾਲੀ ਦੇ ਬਾਗ਼ ਦੇ ਅੰਦਰ ਫੁੱਲ ਹੁੰਦੇ ਨੇ ਰੰਗ ਬਿਰੰਗੇ
ਚਾਰੇ ਵਰਨ ਜੇ ਬੈਠਣ ਇਕ ਥਾਂ ਲਗਦੇ ਹਰਮਨ ਪਿਆਰੇ ਨੇ

ਹੋਇਆ 'ਕਰਮ' ਅਹਿਸਾਸ ਏ ਦਿਲ ਨੂੰ ਖ਼ੂਨ ਲਾਲ ਹੈ ਸਭਦਾ
ਹਰ ਭਾਸ਼ਾ ਹਰ ਮੁਲਕ ਦੇ ਬੰਦੇ ਆਪਣੇ ਹੀ ਤਾਂ ਸਾਰੇ ਨੇ

***

✪

ਪਾ ਕੇ ਪਿਆਰ ਨਿਭਾਉਣਾ ਔਖੈ
ਇਸ਼ਕ ਦਾ ਯੋਗ ਕਮਾਉਣਾ ਔਖੈ

ਕੱਚਿਆਂ 'ਤੇ ਕੋਈ-ਕੋਈ ਤਰਦੈ
ਚੀਰ ਕੇ ਪੱਟ ਖਵਾਉਣਾ ਔਖੈ

ਊਂ ਜਣੀ-ਖਣੀ ਹੀ ਪਾ ਲੈਂਦੀ ਹੈ
ਪਾ ਕੇ ਤੇ ਮਟਕਾਉਣਾ ਔਖੈ

ਯਾਰ ਦੀ ਖ਼ਾਤਰ ਸੂਲੀ ਚੜ੍ਹਨਾ
ਜਿਉਂਦਿਆਂ ਪੋਸ਼ ਲਹਾਉਣਾ ਔਖੈ

ਆਸ਼ਕ ਨੂੰ ਨਹੀਂ ਦੁਨੀਆਂ ਜਰਦੀ
ਦੁਨੀਆਂ ਨੂੰ ਸਮਝਾਉਣਾ ਔਖੈ

ਘਰ ਫ਼ੂਕ ਤਮਾਸ਼ਾ ਆਸ਼ਕ ਵੇਖੇ
ਸਭ ਕੁਝ ਦਾਅ ਤੇ ਲਾਉਣਾ ਔਖੈ

ਪੈਰਾਂ ਦੇ ਵਿੱਚ ਪੈ ਜਾਣ ਛਾਲੇ
ਇਸ਼ਕ ਦਾ ਰਾਹ ਅਪਨੌਣਾ ਔਖੈ

ਗੱਲਾਂ ਹਰ ਕੋਈ ਕਰ ਲੈਂਦਾ ਏ
ਤਲੀ ਤੇ ਸੀਸ ਟਿਕਾਉਣਾ ਔਖੈ

ਇਸ਼ਕ ਦੀ ਗੁੰਝਲਦਾਰ ਕਹਾਣੀ
'ਕਰਮ' ਇਹਨੂੰ ਸੁਲਝਾਉਣਾ ਔਖੈ

***

✪

ਮੁੜ-ਮੁੜ ਨਾ ਛੇੜੋ ਯਾਰੋ ਅੱਲੇ ਨੇ ਜ਼ਖ਼ਮ ਦਿਲ ਦੇ
ਭਰ ਜਾਂਦੇ ਜ਼ਖ਼ਮ ਐਪਰ ਬੋਲਾਂ ਦੇ ਫੱਟ ਨ ਮਿਲਦੇ

ਵਗੀਆਂ ਖ਼ੂਨੀ ਨਦੀਆਂ ਅਗਿਆਨਤਾ ਦੇ ਕਾਰਨ
ਲਾਉਣੀ ਤਾਂ ਸੀ ਮੱਲ੍ਹਮ ਰਹੇ ਜ਼ਖ਼ਮਾਂ ਤੇ ਲੂਣ ਮਲਦੇ

ਦੁਸ਼ਮਨ ਦੀ ਚਾਲ ਸਮਝੋ ਇਹ ਕਾਰਾ ਕਰ ਨਾ ਜਾਵੇ
ਹੱਥ ਮਿਲਾਉਂਦੈ ਉਂਝ ਤਾਂ ਛੁਰੀਆਂ ਨੇ ਵਿੱਚ ਬਗਲ ਦੇ

ਅਸਾਂ ਫੇਰ ਦੇਣਾ ਉਸ ਦੇ ਮਨਸੂਬਿਆਂ ਤੇ ਪਾਣੀ
ਉਹ ਸਭ ਨਿਕਾਮ ਕਰਨੇਂ ਫਿਰਦੇ ਜੋ ਚਾਲਾਂ ਚਲਦੇ

ਜਾਗੋ ਪਹਿਰੇਦਾਰੋ ਅਜੇ ਰਾਤ ਰਹਿੰਦੀ ਬਾਕੀ
ਜੋ ਛੇੜਖਾਨੀ ਕਰਦੇ ਆਉਂਦੇ ਨੇ ਰਾਤ ਢਲਦੇ

ਲੋਕਾਂ ਨੂੰ ਜਾ ਕੇ ਦੱਸੋ ਬਚਕੇ ਹੀ ਰਹਿਣਾ ਸਭ ਨੇ
ਉਸ ਭੇੜੀਏ ਨੇ ਪਾਏ ਬੁਰਕੇ ਇਨਸਾਨੀ ਖੱਲ ਦੇ

ਖੁਸ਼ਕ ਹਵਾਵਾਂ ਚੱਲ ਕੇ ਝੜਦੇ ਫੁੱਲ ਤੇ ਪੱਤੀਆਂ
ਜਦੋਂ ਬਹਾਰ ਆਉਂਦੀ ਫੁੱਲ ਟਹਿਣੀਆਂ ਤੇ ਖਿਲਦੇ

ਹਨੇਰੇ ਨੂੰ ਖ਼ਤਮ ਕਰਨੈਂ ਹੁਣ ਦੀਵਿਆਂ ਨੂੰ ਆਖੋ
ਤੇਜ਼ ਤੂਫਾਨਾਂ ਅੰਦਰ ਲਟ-ਲਟ ਹੀ ਰਹਿਣਾ ਬਲਦੇ

ਇਸ ਕਾਲੀ ਰਾਤ ਪਿੱਛੋਂ ਆਵੇਗਾ ਨਵਾਂ ਸਵੇਰਾ
'ਕਰਮ' ਇਹ ਲੋਕ ਸਾਰੇ ਸਦਾ ਰਹਿਣੇ ਸਾਡੇ ਵੱਲ ਦੇ

***

✪

ਛੱਡਦੇ ਤੂੰ ਮਨਮਾਨੀ ਅੜੀਆਂ ਠੀਕ ਨਹੀਂ
ਇਹ ਸੋਚ ਨਫ਼ਾ ਕਿ ਹਾਨੀ ਅੜੀਆਂ ਠੀਕ ਨਹੀਂ

ਤੂੰ ਵਿੱਚ ਮਹਿਫ਼ਲਾਂ ਪੀਨੈਂ ਬਹਿ ਕੇ ਯਾਰਾਂ ਨਾਲ
ਨਾ ਰਹਿਣੀ ਕੋਲ ਦੁਆਨੀ ਅੜੀਆਂ ਠੀਕ ਨਹੀਂ

ਜਦ ਘਰ ਵਾਲੀ ਹੀ ਰੁਸਕੇ ਪੇਕੇ ਤੁਰ ਜਾਊ
ਲੱਭਦਾ ਫਿਰੀਂ ਜਨਾਨੀ ਅੜੀਆਂ ਠੀਕ ਨਹੀਂ

ਚਿੜੀਆਂ ਚੁਗ ਲਿਆ ਖੇਤ ਫਿਰ ਪਛਤਾਵੇਂਗਾ
ਫਿਰ ਯਾਦ ਆਊਗੀ ਨਾਨੀ ਅੜੀਆਂ ਠੀਕ ਨਹੀਂ

ਵਿੱਚ ਬੁਢੇਪੇ ਤੈਥੋਂ ਇਹ ਕੰਮ ਹੋਣਾ ਨਹੀਂ
ਢਲ ਗਈ ਜਦੋਂ ਜਵਾਨੀ ਅੜੀਆਂ ਠੀਕ ਨਹੀਂ

ਲਾਹਦੇ ਮਗਰੋਂ ਲਾਹਨਤ ਭੈੜੇ ਨਸ਼ਿਆਂ ਦੀ
ਕਰ ਜਾ ਇਹ ਕੁਰਬਾਨੀ ਅੜੀਆਂ ਠੀਕ ਨਹੀਂ

ਜੇ ਇੱਜ਼ਤ ਮਾਣ ਰਿਹਾ ਨਾ ਪੱਲੇ ਕੀ ਖੱਟਿਆ?
ਬਣ ਜਾ ਗੁਣੀ ਗਿਆਨੀ ਅੜੀਆਂ ਠੀਕ ਨਹੀਂ

ਇਕ ਦਿਨ ਬਹਿ ਕੇ 'ਕਰਮ' ਰੋਵੇਂਗਾ ਕਰਮਾਂ ਨੂੰ
ਨਾ ਕਰ ਇੰਝ ਨਾਦਾਨੀ ਅੜੀਆਂ ਠੀਕ ਨਹੀਂ

***

✪

ਰੁੱਖ ਡਿਗੇ ਸਭ ਮੂਧੇ ਮੂੰਹ ਵਗੀਆਂ ਤੇਜ਼ ਹਵਾਵਾਂ
ਹਰ ਪੰਛੀ ਹੀ ਸੋਚ ਰਿਹਾ ਏ ਕਿੱਥੇ ਆਲ੍ਹਣਾ ਪਾਵਾਂ ?

ਬੱਦਲਾਂ ਵਿੱਚੋਂ ਬਿਜਲੀ ਕੜਕੇ ਕਹਿਰ ਦਾ ਝੱਖੜ ਝੁੱਲੇ
ਨੇੜੇ ਹੋ-ਹੋ ਮੌਤ ਡਰਾਵੇ ਕਿਸ ਥਾਂ ਸਿਰ ਲੁਕਾਵਾਂ ?

ਦੋ ਕਦਮ ਵੀ ਤੁਰਨਾ ਔਖਾ ਗਲੀਏਂ ਚਿੱਕੜ ਮਿੱਟੀ
ਜੋ ਮੈਨੂੰ ਘਰ ਛੱਡ ਕੇ ਆਵੇ ਕਿਸ ਨੂੰ ਹੱਥ ਫੜਾਵਾਂ ?

ਚੁੱਪ-ਚੁਪੀਤਾ ਗਿਆ ਜਨਾਜ਼ਾ ਕਲ੍ਹ ਤਰਕਾਲਾਂ ਵੇਲੇ
ਲਾ-ਵਾਰਸ ਉਸ ਲਾਸ਼ ਦਾ ਦੱਸੋ ਕੀ ਹੋਣਾ ਸਿਰਨਾਵਾਂ ?

ਗ਼ਮਾਂ ਦੇ ਹੰਝੂ ਖ਼ੁਦ ਪੀ ਲਏ ਨਹੀਂ ਕਿਸੇ ਨੇ ਪੂੰਝੇ
ਗੋਡਿਆਂ ਵਿੱਚ ਸਿਰ ਲੁਕੋ ਉੱਤੇ ਰੱਖੀਆਂ ਬਾਹਵਾਂ

ਸਾਂ-ਸਾਂ ਕਰਨ ਕਾਲੀਆਂ ਰਾਤਾਂ ਬੋਲਣ ਲਗੇ ਉੱਲੂ
ਘਰ ਅੰਦਰ ਤੇਲ ਨਾ ਬੱਤੀ ਦੀਵਾਂ ਕਿਵੇਂ ਜਗਾਵਾਂ ?

ਬੰਦਾ ਸੀ ਬੰਦੇ ਦਾ ਦਾਰੂ ਅੱਜ ਬਣ ਗਿਆ ਵੈਰੀ
'ਕਰਮ' ਆਪਣਾ ਦੁੱਖੜਾ ਮੈਂ ਕਿਸਨੂੰ ਖੋਲ੍ਹ ਸੁਣਾਵਾਂ ?

***

✪

ਗੱਲਾਂ ਵਿੱਚ ਉਲਝਾ ਨਾ ਮੈਨੂੰ
ਸਬਜ਼ ਬਾਗ਼ ਵਿਖਾ ਨਾ ਮੈਨੂੰ

ਤੇਰੀ ਰਗ-ਰਗ ਤੋਂ ਹਾਂ ਵਾਕਿਫ਼
ਤੇਰਾ ਕੋਈ ਵਿਸਾਹ ਨਾ ਮੈਨੂੰ

ਤੇਰੇ ਪਿੱਛੇ ਲੱਗ ਕੇ ਸੱਜਣਾ
ਸੌਖਾ ਆਉਣਾ ਸਾਹ ਨਾ ਮੈਨੂੰ

ਤੇਰੀ ਨੇਚਰ ਹੋਰ ਤਰ੍ਹਾਂ ਦੀ
ਆਪਣੇ ਨਾਲ ਮਿਲਾ ਨਾ ਮੈਨੂੰ

ਮੈਨੂੰ ਛੱਡਦੇ ਮੇਰੇ ਹਾਲ ਤੇ
ਭੰਬਲ-ਭੂਸੇ ਪਾ ਨਾ ਮੈਨੂੰ

ਇਹ ਸੁਪਨੇ ਸਾਕਾਰ ਨਾ ਹੋਣੇ
ਵਾਰ-ਵਾਰ ਅਜ਼ਮਾ ਨਾ ਮੈਨੂੰ

ਤੇਰੀ ਮੰਜ਼ਿਲ ਕੰਡਿਆਂ ਵਾਲੀ
ਕੰਡਿਆਂ ਵਿੱਚ ਫਸਾ ਨਾ ਮੈਨੂੰ

ਬਗ਼ਲ ਦੇ ਵਿੱਚ ਰੱਖ ਕੇ ਛੁਰੀਆਂ
ਐਂਵੇਂ ਗਲੇ ਲਗਾ ਨਾ ਮੈਨੂੰ

ਤੇਰੀ ਮੇਰੀ ਦਾਲ ਨਾ ਗਲਣੀ
'ਕਰਮ' ਤੇਰੇ ਦਾ ਭਾਅ ਨਾ ਮੈਨੂੰ

***



ਸੱਜਣਾ ਤੇਰੀ ਚੁੱਪ ਦਾ ਅਸੀਂ ਕੀ ਅੰਦਾਜ਼ਾ ਲਾਈਏ
ਜੇ ਤੂੰ ਸਾਡੇ ਨਾਲ ਹੈਂ ਗੁੱਸੇ ਤੈਨੂੰ ਕਿਵੇਂ ਮਨਾਈਏ

ਤੋੜ ਖ਼ਾਮੋਸ਼ੀ ਇਉਂ ਨਹੀਂ ਸਰਨਾ ਇਸ ਦੁਨੀਆਂ ਵਿੱਚ ਰਹਿ ਕੇ
ਆ ਜਾ ਦੁੱਖ-ਸੁੱਖ ਸਾਂਝੇ ਕਰੀਏ ਸੁਣੀਏ ਕੁਝ ਸੁਣਾਈਏ

ਨਫ਼ਰਤ ਭਰਿਆਂ ਕੰਡਿਆਂ ਕੋਲੋਂ ਮਿਲਣਗੀਆਂ ਬਸ ਚੋਭਾਂ
ਫੁੱਲਾਂ ਦੀ ਖੁਸ਼ਬੋਈ ਆ ਜਾ ਜ਼ਿੰਦਗੀ ਵਿੱਚ ਹੰਢਾਈਏ

ਪੈਰਾਂ ਦੇ ਵਿੱਚ ਛਾਲੇ ਪਾ ਗਿਆ ਮਾਰੂਥਲ ਦਾ ਰੇਤਾ
ਆ ਜਾ ਉਹਨਾਂ ਜ਼ਖ਼ਮਾਂ ਉੱਤੇ ਪਿਆਰ ਦੀ ਮੱਲ੍ਹਮ ਲਾਈਏ

ਇਹ ਜੀਵਨ ਅਣਮੁੱਲਾ ਹੀਰਾ ਵਾਰ-ਵਾਰ ਨਹੀਂ ਮਿਲਣਾ
ਇਕ-ਦੂਜੇ ਦੇ ਨਾਲ ਆਪਣੀ ਗੂੜ੍ਹੀ ਸਾਂਝ ਵਧਾਈਏ

ਕੀ ਖੱਟਿਆ ਤੇ ਕੀ ਗੰਵਾਇਆ ਇਸ ਦੁਨੀਆਂ ਦੇ ਅੰਦਰ
ਇਹਦਾ ਲੇਖਾ-ਜੋਖਾ ਕਰੀਏ ਘਾਟਾ ਖਾ ਨਾ ਜਾਈਏ

ਜਾਨ ਕਿਸੇ ਦੀ ਲੈਣੀ ਸੱਜਣਾ ਇਹ ਨਹੀਂ ਸੂਰਮਤਾਈ
ਖੇਡ ਕਿ ਆਪਣੀ ਜਾਨ ਦੇ ਉੱਤੇ ਕਿਸੇ ਦੀ ਜਾਨ ਬਚਾਈਏ

ਸਹਿਮੇ-ਸਹਿਮੇ ਦਿਨ ਨੇ ਸੱਜਣਾ ਡਰੀਆਂ-ਡਰੀਆਂ ਰਾਤਾਂ
ਆਦਮ ਖਾਣੇ ਓਸ ਦੈਂਤ ਨੂੰ ਪਿੰਡੋਂ ਬਾਹਰ ਭਜਾਈਏ

'ਕਰਮ' ਆਪਣਾ ਧੁਰ ਦਰਗਾਹੋਂ ਨਹੁੰ-ਮਾਸ ਦਾ ਰਿਸ਼ਤਾ
ਗਿਲੇ-ਸ਼ਿਕਵੇ ਸਭ ਮਿਟਾ ਕੇ ਆ ਗਲਵਕੜੀ ਪਾਈਏ

***

✪

ਲੈ ਕੇ ਆੜ ਧਰਮ ਦੀ ਬੰਦਾ ਨਿੱਤ ਬੰਦਿਆਂ ਦਾ ਘਾਨ ਕਰੇ
ਬੰਦਾ ਹੀ ਬੰਦੇ ਦਾ ਵੈਰੀ ਬੰਦਿਆਂ ਨੂੰ ਪਰੇਸ਼ਾਨ ਕਰੇ

ਆਲ੍ਹਣੇ ਢਾਉਣੇ ਕਿਸੇ ਦੇ ਕਾਵਾਂ ਦਾ ਰਹੀ ਫਿਤਰਤ ਐਸੀ
ਘੁੱਗੀ ਗਾਵੇ ਗੀਤ ਅਮਨ ਦੇ ਪਰ ਦੜ=ਵੱਟ ਕੇ ਗੁਜ਼ਰਾਨ ਕਰੇ

ਜਦ ਬਾਰਿਸ਼ ਹੋਵੇ ਮੇਹਰਾਂ ਦੀ ਫਸਲਾਂ ਤੇ ਜੋਬਨ ਚੜ੍ਹ ਜਾਂਦੈ
ਕਹਿਰ ਦਾ ਝੱਖੜ ਝੁੱਲ ਪਵੇ ਤਾਂ ਸਭ ਦਾ ਹੀ ਨੁਕਸਾਨ ਕਰੇ

ਹੋਸ਼ 'ਚ ਆਓ ਓਏ ਜੰਗਬਾਜੋ ਏਦਾਂ ਮਸਲਾਂ ਹੱਲ ਨਹੀਂ ਹੋਣਾ
ਜਿੱਤ ਪ੍ਰਾਪਤ ਉਹੀਓ ਕਰਦੈ ਝੁਕਣਾ ਜੋ ਪ੍ਰਵਾਨ ਕਰੇ

ਕੀ ਹੁੰਦੀ ਇਨਸਾਨ ਦੀ ਕੀਮਤ ਹੋ ਜਾਵੇ ਅਹਿਸਾਸ ਜੇ ਦਿਲ ਨੂੰ
ਫਿਰ ਬੰਦੇ ਤੋਂ ਬੰਦਾ ਆਪਣੀ ਜਾਨ ਸਦਾ ਕੁਰਬਾਨ ਕਰੇ

ਬੰਦਾ ਖ਼ਤਮ ਹੋ ਗਿਆ ਜੇਕਰ ਕੀ ਧਰਤੀ ਤੇ ਰਹਿ ਜਾਏਗਾ
ਏਸੇ ਗੱਲ ਦੀ ਤਾਂ ਹੁਣ ਚਿੰਤਾ ਹਰ ਇਕ ਬੁੱਧੀਮਾਨ ਕਰੇ

ਅੱਜ ਦੀ ਰਣ-ਭੂਮੀ ਦੇ ਅੰਦਰ ਮੂੰਹ ਵਿੱਚ ਪਾਣੀ ਪਾਵੇ ਕੌਣ
ਜ਼ਖ਼ਮਾਂ ਤੇ ਜੋ ਮਲ੍ਹਮ ਲਾਵੇ ਤੇ ਪੀੜਾਂ ਦੀ ਪਹਿਚਾਨ ਕਰੇ

ਨਾ ਦਾਗੋ ਤੋਪਾਂ ਦੇ ਗੋਲੇ ਧਰਤੀ ਬੰਜਰ ਬਣ ਜਾਏਗੀ
ਪਿਆਰ ਸਜਾ ਦੇਂਦਾ ਏ ਗੁਲਸ਼ਨ ਤੇ ਨਫ਼ਰਤ ਵੀਰਾਨ ਕਰੇ

***

✪

ਐਂਵੇਂ ਰੰਜਿਸ਼ਾਂ ਵਧਾ ਕੇ ਦੱਸ ਕੀ ਖੱਟੇਂਗਾ
ਵਿੱਥਾਂ ਰਿਸ਼ਤਿਆਂ 'ਚ ਪਾ ਕੇ ਦੱਸ ਕੀ ਖੱਟੇਂਗਾ

ਕਾਹਤੋਂ ਹਰ ਵੇਲੇ ਰਹੀ ਤੇਰੀ ਸੋਚ ਨਿਕੰਮੀ
ਸਿੰਗ ਕਿਸੇ ਨਾਅ ਫਸਾ ਕੇ ਦੱਸ ਕੀ ਖੱਟੇਂਗਾ

ਹਾਮੀ ਭਰਕੇ ਸ਼ਰੀਕਾਂ ਦੀ ਬੁੱਲ੍ਹੀਆਂ 'ਚ ਹੱਸੇਂ
ਨੀਵੇਂ ਆਪਣੇ ਵਿਖਾ ਕੇ ਦੱਸ ਕੀ ਖੱਟੇਂਗਾ

ਤੂੰ ਆਪਣੇ ਘਰੇ ਜੇ ਚਾਹੁੰਨੈਂ ਜਗਦਾ ਚਿਰਾਗ
ਦੀਵੇ ਕਿਸੇ ਦੇ ਬੁਝਾ ਕੇ ਦੱਸ ਕੀ ਖੱਟੇਂਗਾ

ਕਦੇ ਅੱਖ ਤਰ ਨ ਹੋਈ ਵੈਰਾਗ ਵਿੱਚ ਆ ਕੇ
ਗੂੜ੍ਹੇ ਰਿਸ਼ਤੇ ਭੁਲਾ ਕੇ ਦੱਸ ਕੀ ਖੱਟੇਂਗਾ

ਕਿਉਂ ਕੈਦ ਕਰ ਰੱਖੀ ਏ ਤੂੰ ਆਪਣੀ ਜ਼ਮੀਰ
ਸਾਥੋਂ ਅੱਖੀਆਂ ਚੁਰਾ ਕੇ ਦੱਸ ਕੀ ਖੱਟੇਂਗਾ

ਸੱਚ ਦਾ ਸਾਹਮਣਾ ਤੂੰ ਕਦੇ ਵੀ ਨਾ ਕੀਤਾ
ਝੂਠੇ ਫ਼ਤਵੇ ਲਗਾ ਕੇ ਦੱਸ ਕੀ ਖੱਟੇਂਗਾ

ਕਿਉਂ ਕਰਦੈਂ 'ਕਰਮ' ਉੱਚੀ ਨਫ਼ਰਤਾਂ ਦੀ ਕੰਧ
ਕਿਲ੍ਹੇ ਪਿਆਰ ਦੇ ਢਾਹ ਕੇ ਦੱਸ ਕੀ ਖੱਟੇਂਗਾ

***



✪

ਆ ਵੇ ਸੱਜਣਾ ਮਿਲੀਏ ਆਪਾਂ ਗਲ-ਗਲਵਕੜੀ ਪਾ ਕੇ
ਕੀ ਖੱਟਾਂਗੇ ਇਸ ਦੁਨੀਆਂ 'ਚੋਂ ਰੋਸੇ ਹੋਰ ਵਧਾ ਕੇ

ਹੁਣ ਕਿਹੜੀ ਗੱਲ ਦਾ ਰੋਸਾ ਤੈਨੂੰ ਕਿਸ ਗੱਲ ਦੀ ਮਗ਼ਰੂਰੀ
ਹੱਥ ਪੱਲੇ ਤਾਂ ਕੁਝ ਨਹੀਂ ਆਉਣਾ ਜਾਨਾਂ ਨੂੰ ਤੜਫਾ

ਆ ਕਰ ਲਈਏ ਸੁਲ੍ਹਾ-ਸਫ਼ਾਈ ਮਰ ਨਾ ਜਾਈਏ ਰੁੱਸੇ
ਸਮਾਂ ਨਾ ਕਰੇ ਲਿਹਾਜ਼ ਕਿਸੇ ਦਾ ਰੋਵੇਂਗਾ ਪਛਤਾ ਕੇ

ਇਕ ਮੰਜ਼ਿਲ ਦੇ ਰਾਹੀ ਦੋਵੇਂ ਵੱਖੋ-ਵੱਖ ਨਾ ਤੁਰੀਏ
ਇਕ ਦੂਜੇ ਦਾ ਹੱਥ ਪਕੜ ਕੇ ਚੱਲੀਏ ਕਦਮ ਮਿਲਾ ਕੇ

ਗ਼ਲਤ-ਫਹਿਮੀਆਂ ਮਨ ਦੇ ਅੰਦਰ ਪਾ ਗਈਆਂ ਵਖਰੇਵੇਂ
ਕਿਉਂ ਮੇਰੇ ਵੱਲੋਂ ਮੂੰਹ ਮੋੜਦੈਂ ਰੱਖਦੈਂ ਨਜ਼ਰ ਚੁਰਾ ਕੇ

ਇਹ ਢਲ ਜਾਣੀ ਪਰਛਾਵੇਂ ਵਾਗੂੰ ਇਕ ਦਿਨ ਭਰੀ ਜਵਾਨੀ
ਜ਼ਿੰਦਗੀ ਦਾ ਆਨੰਦ ਮਾਣੀਏਂ ਸਾਰੇ ਗਿਲੇ ਮਿਟਾ ਕੇ

ਪਿਆਰ ਨਾ ਵੇਖੇ ਘਾਟੇ ਵਾਧੇ ਨਾ ਹੁੰਦਾ ਖ਼ੁਦਗਰਜ਼ੀ
ਇਸ਼ਕ ਮੇਰੇ ਨੂੰ ਸੱਜਣਾ ਭਾਵੇਂ ਵੇਖ ਲੈ ਤੂੰ ਅਜ਼ਮਾ ਕੇ

ਲੋਕਾਂ ਦੇ ਬਹਿਕਾਵੇ ਅੰਦਰ 'ਕਰਮ' ਕਦੇ ਨਾ ਆਈਏ
ਚੁਗਲਖ਼ੋਰਾਂ ਦਾ ਕੰਮ ਹੁੰਦਾ ਏ ਜਾਣਾ ਲੂਤੀ ਲਾ ਕੇ

***

✪

ਪਾਰ ਸਮੁੰਦਰੋਂ ਵਸਦਿਆ ਤੇਰੀਆਂ ਯਾਦਾਂ ਕੋਲ ਨੇ ਮੇਰੇ
ਤੈਨੂੰ ਮੇਰੀ ਯਾਦ ਨਾ ਆਈ ਪੈਰ ਪਿਛਾਂਹ ਨ ਪਰਤੇ ਤੇਰੇ

ਆਸਾਂ ਦੇ ਮੈਂ ਦੀਪ ਜਗਾਏ ਵਿੱਚ ਤੇਲ ਬਾਲਿਆ ਬਿਰਹੋਂ ਦਾ
ਨਾ ਚਿੱਠੀ ਨਾ ਚੀਰਾ ਆਇਆ ਕਿਹੜੀ ਥਾਂ ਤੂੰ ਲਾਏ ਡੇਰੇ

ਘਰ ਬਿਜਲੀ ਦਾ ਲਾਟੂ ਜਗਦਾ ਚਾਨਣ ਜਿਸਦਾ ਚਿੱਟਾ-ਚਿੱਟਾ
ਵਿਹੜਾ ਫਿਰ ਵੀ ਸੁੰਨਾ-ਸੁੰਨਾ ਕਿੰਨੇ ਸਾਲ ਹੰਢਾਏ ਨ੍ਹੇਰੇ

ਤੇਰੇ ਜਾਣ ਦੇ ਪਿੱਛੋ ਘਰ ਵਿੱਚ ਤੁਲਸੀ ਦਾ ਇਕ ਬੂਟਾ ਉਗਿਆ
ਪਾਣੀ ਪੀ-ਪੀ ਹੰਝੂਆਂ ਦਾ ਹੋ ਗਿਆ ਹੁਣ ਬਰਾਬਰ ਮੇਰੇ

ਸਾਂਭ-ਸਾਂਭ ਕੇ ਰੱਖੀ ਜਵਾਨੀ ਝੂਠੀਆਂ ਆਸ ਉਮੀਦਾਂ ਤੇ
ਸਿਦਕ ਮੇਰੇ ਨੇ ਪਹਿਰਾ ਦਿੱਤਾ ਫਿਰਨ ਹੁਸਨ ਦੇ ਚੋਰ ਲੁਟੇਰੇ

ਤੇਰੇ ਅਉਣ ਦੇ ਸੁਪਨੇ ਲੈ-ਲੈ ਜ਼ਿੰਦਗੀ ਵੀ ਬਣੀ ਇਕ ਸੁਪਨਾ
ਉਹ ਕਦੇ ਨਾ ਆਉਣ ਦੇਣਗੇ ਪਾਏ ਡਾਲਰਾਂ ਨੇ ਜੋ ਘੇਰੇ

ਤੂੰ ਹੁਣ ਆਵੇਂ ਜਾਂ ਨਾ ਆਵੇਂ ਮੈਨੂੰ ਕੋਈ ਫ਼ਰਕ ਨਾ ਪੈਣਾ
ਇਕ ਅਫ਼ਸੋਸ ਰਹੇਗਾ ਮੈਨੂੰ ਤੂੰ ਢੁਕਿਆ ਸੀ ਬੰਨ੍ਹ ਕੇ ਸਿਹਰੇ

'ਕਰਮ' ਸਾਰੇ ਅਰਮਾਨ ਖਿਲਰ ਗਏ ਦਿਲ ਵਿੱਚ ਜੋ ਸਜਾ ਕੇ ਰੱਖੇ
ਕੋਈ ਪਤਾ ਨ ਇਸ ਜ਼ਿੰਦਗੀ ਨੇ ਕਿਤਨੇ ਸਹਿਣੇ ਦੁੱਖ ਘਨੇਰੇ

***

✪

ਵਾਰ-ਵਾਰ ਇਉਂ ਮਨ 'ਚੋਂ ਉੱਠਦਾ ਸਵਾਲ ਕਿਉਂ ਏ ?
ਅੰਬਰਾਂ ਦੀ ਅੱਜ ਰੰਗਤ ਐਨੀ ਲਾਲ ਕਿਉਂ ਏ ?

ਅੱਜ ਜ਼ਾਲਮ ਹੱਥੋਂ ਮਰ ਗਿਆ ਹੋਣਾ ਫੇਰ ਕੋਈ
ਐ ਬੇ-ਦੋਸ਼ਾਂ ਨੂੰ ਨਿਗਲੀ ਜਾਂਦਾ ਕਾਲ ਕਿਉਂ ਏ ?

ਜਿਹੜਾ ਬੰਦਾ ਬੰਦੇ ਦੇ ਕੰਮ ਆਉਂਦਾ ਸੀ
ਉਸ ਬੰਦੇ ਦਾ ਵੈਰ ਬੰਦੇ ਦੇ ਨਾਲ ਕਿਉਂ ਏ ?

ਹੱਥਾਂ ਵਿੱਚ ਤਲਵਾਰਾਂ ਨੰਗੀਆਂ ਫੜੀਆਂ ਕਿਉਂ
ਹੁਣ ਸਭ ਦੇ ਮੋਢੇ ਪਾਈ ਰਫ਼ਲ ਦੁਨਾਲ ਕਿਉਂ ਏ ?

ਸਹਿਮੇ-ਸਹਿਮੇ ਲੋਕ ਨਜ਼ਰ ਸਭ ਆਉਂਦੇ ਨੇ
ਹਿੰਮਤ ਹਾਰੀ ਫਿਰਦੇ ਹੋਏ ਨਿਢਾਲ ਕਿਉਂ ਏ ?

ਅੱਜ ਆਪਣਿਆਂ ਨੂੰ ਆਪਣਿਆਂ ਤੋਂ ਖ਼ਤਰਾ ਹੈ
ਉਸ ਦੁਸ਼ਮਣ ਨੇ ਇਹ ਚੱਲੀ ਐਸੀ ਚਾਲ ਕਿਉਂ ਏ ?

ਨਹੁੰ ਤੇ ਮਾਸ ਦਾ ਰਿਸ਼ਤਾ ਜਿਹੜਾ ਹੁੰਦਾ ਸੀ
ਕਿਸੇ ਨੇ ਉਸ ਵਿੱਚ ਬੁਣਿਆ ਨਫ਼ਰਤ ਜਾਲ ਕਿਉਂ ਏ ?

ਦੇਸ਼ ਮੇਰਾ ਜੋ ਸੋਨੇ ਦੀ ਇਕ ਚਿੜੀਆ ਸੀ
'ਕਰਮ' ਏਸ ਦਾ ਹੋਇਆ ਮੰਦੜਾ ਹਾਲ ਕਿਉਂ ਏ ?

***

✪

ਨਾ ਘਰ ਦੀ ਨਾ ਪਰਿਵਾਰ ਦੀ ਇਹ ਮੰਗ ਸਾਰੇ ਸੰਸਾਰ ਦੀ
ਹੁਣ ਭਾਸ਼ਨ ਨਾ ਪ੍ਰਚਾਰ ਦੀ ਬਸ ਲੋੜ ਹੈ ਕਿਰਦਾਰ ਦੀ

ਹੋਣ ਸਲਾਮਾਂ ਜ਼ਿੰਦਗੀ ਨੂੰ ਜੋ ਕੰਮ ਕਿਸੇ ਦੇ ਆਉਂਦੀ ਏ
ਦੁਖੀਆਂ ਦੇ ਦੁੱਖ ਨਿਵਾਰਦੀ ਜੋ ਤਪਦੇ ਹਿਰਦੇ ਠਾਰ ਦੀ

ਮਿੱਠੀ ਬੋਲੀ ਬੋਲਣ ਵਾਲਾ ਪੱਥਰਾਂ ਨੂੰ ਵੀ ਮੋਮ ਬਣਾਵੇ
ਜਿੱਤ ਹੁੰਦੀ ਸਦਾ ਪਿਆਰ ਦੀ ਨਾ ਤੋਪ ਨਾ ਤਲਵਾਰ ਦੀ

ਨਫ਼ਰਤ ਨੇ ਘਰ ਖ਼ਾਲੀ ਕਰਕੇ ਵੇਖੋ ਮਹਿਲ ਬਣਾ ’ਤੇ ਖੰਡਰ
ਲੈ ਨੰਗੀ ਧਾਰ ਕਟਾਰ ਦੀ ਹਰ ਸੁੰਨੀ ਗਲੀ ਬਾਜ਼ਾਰ ਦੀ

ਨਾ ਕੋ ਵੈਰੀ ਨਾ ਹੀ ਬਿਗਾਨਾ ਐਸੀ ਸੋਚ ਪਵਿੱਤਰ ਹੋਈ
ਰਿਹਾ ਲਾਉਂਦਾ ਮੱਲ੍ਹਮ ਪਿਆਰ ਦੀ ਰਹੀ ਚਿੰਤਾ ਜਿੱਤ ਨਾ ਹਾਰ ਦੀ

ਜਿਸ ਟਹਿਣੀ ਤੇ ਕੰਡੇ ਹੁੰਦੇ ਉਸ ਤੇ ਫੁੱਲ ਵੀ ਲਗੇ ਵੇਖੇ
ਹਰ ਪੱਤੀ ਮਹਿਕ ਖਿਲਾਰਦੀ ਜਦ ਆਵੇ ਰੁੱਤ ਬਹਾਰ ਦੀ

ਜਾਦੂ ਉਹ ਜੋ ਸਿਰ ਚੜ੍ਹ ਬੋਲੇ ਹੱਥ ਤੇ ਸਰ੍ਹੋਂ ਜਮਾਵੇ ਜਿਹੜਾ
ਇਹ ਕਰਾਮਾਤ ਸਹਿਚਾਰ ਦੀ ਮਾਨਵ ਦਾ ਰੂਪ ਨਿਖਾਰ ਦੀ

ਕੀ ਕਰਨੈਂ ਤੇ ਕੀ ਨਹੀਂ ਕਰਨਾ ‘ਕਰਮ’ ਇਹੋ ਸਮਝਣ ਦੀ ਲੋੜ
ਨਾ ਵੈਰ ਨਾ ਤਕਰਾਰ ਦੀ ਅੱਜ ਹੈ ਜ਼ਰੂਰਤ ਪਿਆਰ ਦੀ

***

✪

ਆਸ਼ਕ ਆਪਣੀ ਮੰਜ਼ਿਲ ਦੇ ਵੱਲ ਕਦਮ ਰਹੇ ਨੇ ਧਰਦੇ
ਜੰਗਲ ਬੇਲੇ ਚੀਰ ਕੇ ਲੰਘੇ ਮੌਤੋਂ ਮੂਲ ਨਾ ਡਰਦੇ

ਮੀਂਹ ਝੱਖੜ ਵੀ ਰੋਕ ਨਾ ਸਕਿਆ ਇਸ਼ਕ ਦੇ ਐਸੇ ਜਜ਼ਬੇ
ਆਪਣੇ ਬੋਲ ਪੁਗਾਵਣ ਖ਼ਾਤਰ ਜਾ ਕੱਚਿਆਂ ਤੇ ਤਰਦੇ

ਦਿਨ ਦਾ ਚੈਨ ਰਾਤ ਦੀਆਂ ਨੀਂਦਾਂ ਸਾਰਾ ਕੁਝ ਗੰਵਾ ਕੇ
ਜਿੰਦ ਕਰ ਜਾਂਦੇ ਯਾਰ ਹਵਾਲੇ ਪੱਕੇ ਸਿਦਕ ਸਬਰ ਦੇ

ਯਾਰ ਨੇ ਆਪਣੇ ਯਾਰ ਦੀ ਖ਼ਾਤਰ ਜ਼ਹਿਰ ਪਿਆਲੇ ਪੀਤੇ
ਸੂਲੀ ਉੱਤੇ ਚੜ੍ਹਕੇ ਵੀ ਰਹੇ ਯਾਰ ਨੂੰ ਸਜਦਾ ਕਰਦੇ

ਆਸ਼ਕ ਸਦਾ ਜਿਉਂਦੇ ਰਹਿੰਦੇ ਬੀਤ ਜਾਣ ਯੁੱਗ ਚਾਰੇ
ਦੁਨੀਆਂ ਮਰਦੀ ਨਾਂ ਮਿਟ ਜਾਂਦੇ ਆਸ਼ਕ ਲੋਕ ਨ ਮਰਦੇ

ਭੱਠੀ ਵਾਗੂੰ ਲਾਲ ਹੋਇਆ ਸੀ ਮਾਰੂਥਲ ਦਾ ਰੇਤਾ
ਪੈਰਾਂ ਦੇ ਵਿੱਚ ਪਾ ਗਿਆ ਛਾਲੇ ਰਹੇ ਜੋ ਫਿਸਦੇ ਭਰਦੇ

ਆਸ਼ਕ ਪਾਉਂਦੇ ਇਕ ਦੂਜੇ ਨਾਲ ਇਤਨੇ ਗੂੜ੍ਹੇ ਰਿਸ਼ਤੇ
ਸਦਾ ਲਈ ਰੂਹ ਇਕ ਹੋ ਜਾਂਦੀ ਬਸ ਜਿਸਮਾਂ ਦੇ ਪਰਦੇ

'ਕਰਮ' ਉਹਨਾਂ ਦੀਆਂ ਮੜ੍ਹੀਆਂ ਤੇ ਲੋਕ ਬਾਲਦੇ ਦੀਵੇ
ਐਪਰ ਜਿਉਂਦੇ ਆਸ਼ਕ ਨੂੰ ਨਹੀਂ ਦੁਨੀਆਂ ਵਾਲੇ ਜਰਦੇ

***

✪

ਕਿਸੇ ਦੀ ਅਜੇ ਸਵੇਰ ਹੋਵੇਗੀ ਕਿਸੇ ਦੀ ਹੈ ਦੁਪਹਿਰ
ਮੇਰੇ ਸਿਰ ਤੋਂ ਸੂਰਜ ਢਲ ਗਿਆ ਆ ਗਿਆ ਤੀਜਾ ਪਹਿਰ

ਦੇਸੀ ਘਿਉ ਮੈਂ ਖਾਂਦਾ ਹੁੰਦਾ ਸੀ ਰੋਟੀ ਉੱਤੇ ਧਰਕੇ
ਹੁਣ ਖਾਂਦਾ ਹਾਂ ਮੈਂ ਅਨ-ਚੋਪੜੀ ਘਿਉ ਮੇਰੇ ਲਈ ਜ਼ਹਿਰ

ਹੱਥ ਤੇ ਹੱਥ ਮਾਰ ਕੇ ਭੱਜਣਾ ਵਾ-ਵਰੋਲੇ ਵਾਂਗੂੰ
ਗੋਡਿਆਂ ਵਿੱਚ ਪੈਂਦੀਆਂ ਚੀਸਾਂ ਮਸਾਂ ਚੁੱਕੀ ਦਾ ਪੈਰ

ਉਹ ਦਿਨ ਅਜੇ ਵੀ ਚੇਤੇ ਮੈਨੂੰ ਹੁੰਦੇ ਸੀ ਜਦ ਘੁਲਦੇ
ਤੱਤੀ ਧੁੱਦਲ ਥੱਲੇ ਹੁੰਦੀ ਤੇ ਉੱਤੋਂ ਸਿਖਰ ਦੁਪਹਿਰ

ਆਉਂਦਾ ਸੀ ਸਕੂਨ ਦਿਲਾਂ ਨੂੰ ਖੂਹ ਵਿੱਚ ਮਾਰ ਕੇ ਛਾਲਾਂ
ਇਕੋ ਸਾਹ ਵਿੱਚ ਲੰਘ ਜਾਂਦੇ ਸਾਂ ਦੋ-ਦੋ ਵਾਰੀ ਨਹਿਰ

ਤੜਕੇ ਉੱਠਕੇ ਹਲ ਜੋੜਨੇ ਬਲਦਾਂ ਦੇ ਗਲ ਟੱਲੀਆਂ
ਬੀਜਣ ਲਗਿਆਂ ਕਣਕ ਬਾਜਰਾ ਮੰਗਦੇ ਸਭ ਦੀ ਖ਼ੈਰ

ਮੱਕੀ ਦੀ ਰੋਟੀ ਸਾਗ ਸਰ੍ਹੋਂ ਦਾ ਭਰ ਲੱਸੀ ਦਾ ਛੰਨਾ
ਜਿਹੜੀ ਮਾਂ ਸੀ ਨਿੱਤ ਖਵਾਉਂਦੀ ਤੁਰ ਗਈ ਬੇਗ਼ਮ ਸ਼ਹਿਰ

ਕਿਧਰ ਗਏ ਉਹ ਲੋਕ ਪੁਰਾਣੇ ਮਿਲ ਜੁਲ ਕੇ ਸੀ ਰਹਿੰਦੇ
'ਕਰਮ' ਹੋ ਗਿਆ ਕੀ ਦੁਨੀਆਂ ਨੂੰ ਆਪਣੇ ਹੋਏ ਗੈਰ

***

✪

ਘਰ ਕਿਸੇ ਦਾ ਬਲੇ ਬਸੰਤਰ ਦੱਸਦੈਂ ਤੂੰ
ਜ਼ਖ਼ਮਾਂ ਉੱਤੇ ਲੂਣ ਛਿੜਕ ਕੇ ਹੱਸਦੈਂ ਤੂੰ

ਭਾਰੀ ਪੈਂਦੀ ਜਾਂਦੀ ਪੰਡ ਗੁਨਾਹਾਂ ਦੀ
ਦਲਦਲ ਦੇ ਵਿੱਚ ਆਪੇ ਜਾਨੈਂ ਧੱਸਦੈਂ ਤੂੰ

ਕਾਲੇ ਨਾਗਾਂ ਨਾਲੋਂ ਤੂੰ ਵੀ ਘੱਟ ਨਹੀਂ
ਮੰਗੇ ਨਾ ਉਹ ਪਾਣੀ ਜਿਸਨੂੰ ਡੱਸਦੈਂ ਤੂੰ

ਝਿੜਕਾਂ ਦੇ ਦੇ ਤੋੜੇਂ ਦਿਲ ਗਰੀਬਾਂ ਦਾ
ਤਕੜੇ ਦੀਆਂ ਨਿੱਤ ਤਲੀਆਂ ਝੱਸਦੈਂ ਤੂੰ

ਝੂਠ ਦੇ ਖੰਭਾਂ ਉੱਤੇ ਉਡਿਆ ਫਿਰਦਾ ਏਂ
ਸੱਚ ਦੇ ਕੋਲੋਂ ਦੂਰ-ਦੂਰ ਕਿਉਂ ਨੱਸਦੈਂ ਤੂੰ

ਤੋਪਾਂ ਦੇ ਤੂੰ ਗੋਲੇ ਦਾਗੇਂ ਜਿਸ ਉੱਤੇ
ਓਏ ਮੂਰਖਾ ਉਸ ਧਰਤੀ ਤੇ ਵੱਸਦੈਂ ਤੂੰ

ਤੇਰੇ ਹੱਥੋਂ ਜਨ-ਜੀਵਨ ਪ੍ਰਭਾਵਤ ਹੈ
ਮੱਥੇ ਉੱਤੇ ਹੋਰ ਤਿਉੜੀ ਕੱਸਦੈਂ ਤੂੰ

'ਕਰਮ' ਆਪਣੇ ਪੈਰ ਕੁਹਾੜਾ ਮਾਰ ਰਿਹੈਂ
ਮੱਕੜੀ ਵਾਂਗ ਜਾਲ ਬਣਾ ਕੇ ਫੱਸਦੈਂ ਤੂੰ

***

✪

ਦਿਲ ਦੇ ਅੰਦਰ ਅੱਗ ਸੁਲਘਦੀ ਧੂੰਆਂ ਨਜ਼ਰ ਨਾ ਆਵੇ
ਜਿੱਦਾਂ-ਜਿੱਦਾਂ ਸੁਲਘੀ ਜਾਵੇ ਤਨ ਨੂੰ ਹੋਰ ਤਪਾਵੇ

ਦਿਲ ਦਾ ਗ਼ਮ ਫ਼ਰੋਲ ਨਾ ਹੋਇਆ ਬੁੱਲ੍ਹ ਪਏ ਨੇ ਸੁੱਕੇ
ਆਪਣੇ ਹੰਝੂ ਖ਼ੁਦ ਹੀ ਪੀਤੇ ਕਿਹੜਾ ਦਰਦ ਵੰਡਾਵੇ

ਟਾਂਵਾਂ-ਟਾਂਵਾਂ ਪਾਂਧੀ ਕੋਈ ਰਾਹ ਨੇ ਸੁੰਨ-ਮੁਸੁੰਨੇ
ਪੈਰਾਂ ਹੇਠੋਂ ਮਿੱਟੀ ਖਿਸਕੀ ਝੋਰਾ ਵੱਢ-ਵੱਢ ਖਾਵੇ

ਸਿਤਮ ਕਰਨ ਤੋਂ ਬਾਝ ਨਾ ਆਏ ਲੋਕ ਜਿਹੜੇ ਬੇਦਰਦੀ
ਮਾਸੂਮ ਪਏ ਹਿਟਕੋਰੇ ਲੈਣ ਕੋਈ ਨ ਚੁੱਪ ਕਰਾਵੇ

ਜ਼ਿੰਦਗਾਨੀ ਦਾ ਸੂਰਜ ਸਿਖਰੀਂ ਕਾਲੇ ਬੱਦਲ ਛਾਏ
ਕਹਿਰ ਦਾ ਝੱਖੜ ਬਿਜਲੀ ਲਿਸ਼ਕੇ ਮੁੜ-ਮੁੜ ਪਈ ਡਰਾਵੇ

ਘਰਾਂ ਦੇ ਵਿੱਚ ਬੈਠੀਆਂ ਮਾਵਾਂ ਸਬਰਾਂ ਦੇ ਘੁੱਟ ਭਰਕੇ
ਅੱਖਾਂ ਸਾਹਵੇਂ ਪੁੱਤਰ ਖੋਹ ਲਏ ਜਾ ਕੇ ਕੌਣ ਛੁਡਾਵੇ

ਉਦੋਂ ਆਪਣਿਆਂ ਨੇ ਆਪਣਿਆਂ ਦੀ ਸਾਰ ਲਈ ਨਾ ਜਾ ਕੇ
ਗਲੀਆਂ ਦੇ ਵਿੱਚ ਫਿਰਦੀ ਸੀ ਜਦ ਲੈਂਦੀ ਮੌਤ ਕਲ੍ਹਾਵੇ

ਖ਼ੁਦਗਰਜ਼ਾਂ ਦੀ ਮੰਡੀ ਅੰਦਰ ਬੰਦਾ ਫਿਰੇ ਵਿਕਾਊ
'ਕਰਮ' ਕੋਈ ਇਨਸਾਨ ਮਿਲੇ ਜੋ ਸਭ ਨੂੰ ਗਲੇ ਲਗਾਵੇ

***



ਉਹ ਦਿਨ ਮੁੜਕੇ ਫੇਰ ਨਾ ਪਰਤੇ ਸਾਂਝ ਹੁੰਦੀ ਸੀ ਤੇਰੀ ਮੇਰੀ
ਅਸਾਂ ਨੂੰ ਕੋਈ ਪਤਾ ਨਾ ਲੱਗਿਆ ਸਮਾਂ ਕਰ ਗਿਆ ਹੇਰਾ ਫੇਰੀ

ਕਈ ਸੁਪਨੇ ਤਾਂ ਸੱਚ ਬਣ ਜਾਂਦੇ ਆਪਣਾ ਸੱਚ ਬਣ ਗਿਆ ਸੁਪਨਾ
ਮੇਰੇ ਦਿਲ ਦੀਆਂ ਇਹੋ ਦੁਆਵਾਂ ਹੋਵੇ ਤੇਰੀ ਉਮਰ ਲੰਬੇਰੀ

ਤੂੰ ਜਾ ਪਹੁੰਚਿਆ ਹੋਰ ਕਿਨਾਰੇ ਮੈਨੂੰ ਮਿਲਿਆ ਹੋਰ ਕਿਨਾਰਾ
ਅਣਤਾਰੂ ਸੀ ਦੋਵੇਂ ਆਪਾਂ ਡੁੱਬਣਾ ਸੀ ਵਿੱਚ ਘੁੰਮਣ-ਘੇਰੀ

ਸਮੇਂ ਨੇ ਐਸਾ ਰੰਗ ਬਦਲਿਆ ਸਾਂਭੇ ਹੋਏ ਅਰਮਾਨ ਖਿਲਰ ਗਏ
ਨਾ ਕੋਈ ਉਸ ਵਿੱਚ ਦੋਸ਼ ਹੈ ਮੇਰਾ ਨਾ ਸੀ ਕੋਈ ਗ਼ਲਤੀ ਤੇਰੀ

ਉਹ ਕੈਸੀ ਮਨਹੂਸ ਘੜੀ ਸੀ ਇਕ ਦੂਜੇ ਵੱਲ ਵੇਂਹਦੇ ਰਹਿ ਗਏ
ਚੰਦ ਹੋ ਗਿਆ ਬੱਦਲਾਂ ਉਹਦੇ ਪੱਲੇ ਪੈ ਗਈ ਰਾਤ ਅੰਧੇਰੀ

ਸਮੇਂ ਨਾਲ ਸਮਝੌਤਾ ਕਰਕੇ ਜੀਵਨ ਪੰਧ ਸੁਖਾਲਾ ਰਹਿੰਦਾ
ਸੋਚ ਨਰੋਈ ਹੋਵੇ ਜਿਸਦੀ ਉਹ ਕਦੇ ਨਹੀਂ ਢਾਉਂਦਾ ਢੇਰੀ

ਜਾਂ ਸੀ ਪਿਛਲਾ ਰਿਸ਼ਤਾ ਆਪਣਾ ਜਾਂ ਫਿਰ ਉਹ ਇਕ ਪਾਗਲਪਨ ਸੀ
ਦਿਲ ਦਿਆਂ ਭਾਵਾਂ ਅੰਦਰ ਵਹਿ ਕੇ ਗੰਨੇ ਦੀ ਗਏ ਚੂਪ ਗੰਨੇਰੀ

ਇਕ ਸਾਵਣ ਦੀ ਬੱਦਲੀ ਨੇ ਜਦ ਹੀਆਂ ਕੀਤਾ ਬਰਸਣ ਦੇ ਲਈ
'ਕਰਮ' ਉਡਾ ਕੇ ਲੈ ਗਈ ਕਿਧਰੇ ਐਸੀ ਆਈ ਤੇਜ਼ ਹਨੇਰੀ

***

✪

ਇਕ ਤਰਸਨ ਦਾਣੇ-ਦਾਣੇ ਨੂੰ ਇਕਨਾ ਦੇ ਭਰੇ ਭੰਡਾਰੇ ਪਏ
ਇਕ ਨਾਲ ਗਰੀਬੀ ਘੁਲਦੇ ਨੇ ਇਕ ਰੱਜੇ ਤੇ ਹੰਕਾਰੇ ਪਏ

ਇਕ ਰੋੜੀ ਕੁੱਟਣ ਸੜਕਾਂ ਤੇ ਇਕ ਕਾਰ ਭਜਾਵਣ ਸੜਕਾਂ ਤੇ
ਇਕ ਫੁੱਟ-ਪਾਥ ਤੇ ਸੁੱਤੇ ਨੇ ਇਕ ਸੁੱਤੇ ਚੜ੍ਹ ਚੁਬਾਰੇ ਪਏ

ਇਕ ਪਾਣੀ ਪੀਂਦੇ ਕੱਸੀਆਂ ਦਾ ਇਕ ਮਹਿੰਗੀ ਵਿਸਕੀ ਪੀਂਦੇ ਨੇ
ਨਿੱਤ ਮੁਰਗੇ ਖਾਣ ਤੰਦੂਰੀ ਉਹ ਇਕ ਭੁੱਖੇ ਫਿਰਨ ਵਿਚਾਰੇ ਪਏ

ਇਕ ਤਕੜਾ ਇਉਂ ਖਿਲਵਾੜ ਕਰੇ ਕਿਸੇ ਮਾੜੇ ਦੀ ਮਜ਼ਬੂਰੀ ਦਾ
ਉਹ ਨੋਟ ਖਿਲਾਰੇ ਖੁਸ਼ੀਆਂ ਵਿੱਚ ਇਹ ਚੁਗਦੇ ਕਰਮਾਂ ਮਾਰੇ ਪਏ

ਇਕ ਧੁੱਪੇ ਸੜਦੇ ਰੋਟੀ ਲਈ ਇਕ ਲੈਣ ਨਜ਼ਾਰਾ ਏ. ਸੀ. ਦਾ
ਇਕ ਰੰਗ ਤਮਾਸ਼ੇ ਵੇਂਹਦੇ ਨੇ ਇਕ ਵੇਖਣ ਭੰਬੂ-ਤਾਰੇ ਪਏ

ਇਕ ਨੱਕ ਰਗੜਦੇ ਰੱਬ ਅੱਗੇ ਇਕ ਰੱਬ ਨੂੰ ਟਿੱਚਰਾਂ ਕਰਦੇ ਨੇ
ਇਕ ਸੇਵਾ ਕਰਨ ਬਜ਼ੁਰਗਾਂ ਦੀ ਇਕ ਚੁੱਕ ਕੇ ਪੈਂਦੇ ਚਾਰੇ ਪਏ

ਇਕ ਵੇਖਣ ਉਹਨਾਂ ਹੱਥਾਂ ਵੱਲ ਜੋ ਰਹਿੰਦੇ ਵਿੱਚ ਮਗ਼ਰੂਰੀ ਦੇ
ਇਕ ਆਸਾਂ ਲਾ ਕੇ ਆਏ ਸੀ ਇਕ ਲਾਈ ਜਾਂਦੇ ਲਾਰੇ ਪਏ

ਇਕ ਦਿਲ ਦੇ ਸਾਊ ਬੰਦੇ ਨੇ ਇਕ ਦਿਲ ਦੇ ਪਾਪੀ ਕਪਟੀ ਨੇ
ਇਕ ਫੁੱਲ ਵਰਗੇ ਦਿਲ ਕੋਮਲ ਨੇ ਇਕ ਦਿਲ ਪੱਥਰਾਂ ਤੋਂ ਭਾਰੇ ਪਏ

ਜੋ-ਜੋ ਵੀ ਦੋਸ਼ੀ ਜਨਤਾ ਦਾ ਉਹਦੀ ਧੌਣ ਤੇ ਗੋਡਾ ਰੱਖਣਗੇ
'ਕਰਮ' ਆਪਣੇ ਹੱਕਾਂ ਲਈ ਅੱਜ ਲੋਕ ਮਾਰਦੇ ਨਾਹਰੇ ਪਏ

***

✪

ਪ੍ਰਸ਼ਾਸ਼ਨ ਦਾ ਪ੍ਰਬੰਧ ਵੇਖ ਲਉ
ਚਾਰੇ ਪਾਸੇ ਗੰਦ ਵੇਖ ਲਉ

ਸ਼ਹਿਰ ਦੇ ਅੰਦਰ ਘੁੱਪ ਹਨੇਰਾ
ਬਿਜਲੀ ਚਾੜ੍ਹਿਆ ਚੰਦ ਵੇਖ ਲਉ

ਕਹਿੰਦੇ ਹੋਰ ਤੇ ਕਰਦੇ ਹੋਰ
ਹਾਥੀ ਵਾਲੇ ਦੰਦ ਵੇਖ ਲਉ

ਦੇਸ਼ ਦਾ ਭੱਠਾ ਗੁੱਲ ਕਰਨਗੇ
ਇਹ ਕਿਤਨੇ ਅਕਲਮੰਦ ਵੇਖ ਲਉ

ਧਰਮ ਦੇ ਨਾਂ ਤੇ ਵੰਡੇ ਲੋਕ
ਨਫ਼ਰਤ ਵਾਲੀ ਕੰਧ ਵੇਖ ਲਉ

ਹੋਣ ਮੁਜ਼ਾਹਰੇ ਡਾਂਗ ਖੜਕਦੀ
ਪੁਲਸ ਸੁਣਾਉਂਦੀ ਛੰਦ ਵੇਖ ਲਉ

ਤਾਣਾ-ਪੇਟਾ ਉਲਝਿਆ ਸਾਰਾ
ਇਕ ਨਾ ਬਚਿਆ ਤੰਦ ਵੇਖ ਲਉ

ਕਿੱਥੇ ਜਾ ਕੇ ਦੁੱਖ ਸੁਣਾਈਏ
ਸਭ ਦਰਵਾਜ਼ੇ ਬੰਦ ਵੇਖ ਲਉ

'ਕਰਮ' ਅਜੇ ਸਰਕਾਰ ਹੈ ਸਾਡੀ
ਕਿਤਨੀ ਫ਼ਾਇਦੇਮੰਦ ਵੇਖ ਲਉ

***

✪

ਦਿੰਦੇ ਵੇਚ ਜ਼ਮੀਰ ਆਪਣੀ ਕੁਰਸੀ ਦੇ ਚਾਹਵਾਨ ਜਦੋਂ
ਸਭ ਲੋਕਾਂ ਨੂੰ ਪਵੇ ਭੁਗਤਣਾ ਕਰ ਜਾਂਦੇ ਨੁਕਸਾਨ ਜਦੋਂ

ਇਨਸਾਨੀਅਤ ਤੇ ਧੱਬਾ ਏ ਮੂੰਹ 'ਚ ਉਂਗਲਾਂ ਪਾਉਂਦੇ ਲੋਕ
ਖਿਲਵਾੜ ਕਿਸੇ ਦੀ ਜ਼ਿੰਦਗੀ ਨਾਲ ਕਰਦਾ ਏ ਲੁਕਮਾਨ ਜਦੋਂ

ਡੱਡੂਆਂ ਦੀ ਪੰਸੇਰੀ ਪੂਰੀ ਹੁੰਦੀ ਨਾ ਤੁਲਾਵੇ ਤੋਂ
ਇਕ ਫੜੇ ਦੋ ਮਾਰ ਟਪੂਸੀ ਕਰਦੇ ਨੇ ਪਰੇਸ਼ਾਨ ਜਦੋਂ

ਰਾਜਗੀਰ ਦੀ ਵਿਗੜੀ ਨੀਅਤ ਛੱਤ ਚੋਣ ਤੋਂ ਹੱਟਦੀ ਨਾ
ਹਲ ਓਕੜੂ ਠੀਕ ਨਾ ਆਵੇ ਵਿਗੜ ਜਾਵੇ ਤਰਖ਼ਾਨ ਜਦੋਂ

ਫ਼ਸਲਾਂ ਦੀ ਕਰੇ ਤਬਾਹੀ ਪੱਤ ਨਹੀਂ ਰਹਿੰਦਾ ਰੁੱਖਾਂ ਤੇ
ਜਿਸ ਇਲਾਕੇ ਦੇ ਵਿੱਚ ਆਕੇ ਬਹਿ ਜਾਏ ਚੰਦਰੀ ਆਨ੍ਹ ਜਦੋਂ

ਯੁੱਗਾਂ ਦੀ ਬਦਨਾਮੀ ਖੱਟੀ ਧਜੀਆਂ ਉੱਡੀਆਂ ਇਸ਼ਕ ਦੀਆਂ
ਆਪਣੇ ਹੱਥੀਂ ਜੰਡ ਦੇ ਥੱਲੇ ਭੰਨੇ ਤੀਰ ਕਮਾਨ ਜਦੋਂ

ਵੱਡਿਆਂ ਦਾ ਸਤਿਕਾਰ ਕਰਨ ਜੋ ਇੱਜ਼ਤ ਹੁੰਦੀ ਉਹਨਾਂ ਦੀ
ਕੀਮਤ ਕੁਝ ਨਾ ਰਹਿੰਦੀ ਖ਼ੁਦ ਨੂੰ ਸਮਝੇ ਖੱਬੀਖ਼ਾਨ ਜਦੋਂ

ਬੋਦੀ ਵਾਲਾ ਤਾਰਾ ਚੜ੍ਹਿਆ ਘਰ-ਘਰ ਲੋਕ ਵਿਚਾਰਾਂ ਕਰਦੇ
ਡੁਬਦੇ ਸੂਰਜ ਰੰਗ ਸੰਧੂਰੀ ਹੋ ਜਾਵੇ ਅਸਮਾਨ ਜਦੋਂ

ਦੋ ਪਲ ਮੌਤ ਨੂੰ ਚੇਤੇ ਕਰਕੇ ਭੁੱਲ ਜਾਂਦੀ ਹੈ ਦੁਨੀਆਂ
'ਕਰਮ' ਕਿਸੇ ਦਾ ਵੇਖ ਕੇ ਅੱਖੀਂ ਬਲਦਾ ਹੈ ਸ਼ਮਸ਼ਾਨ ਜਦੋ

***

✪

ਰੁਕ ਜਾ ਸਾਥੀ ਜਾਈਂ ਨਾ ਕੱਲਾ ਮੈਂ ਵੀ ਤੇਰੇ ਨਾਲ ਚੱਲੂੰਗੀ
ਮੋਢੇ ਦੇ ਨਾਲ ਲਾ ਕੇ ਮੋਢਾ ਸੱਜਣਾ ਮੈਂ ਹਰ ਹਾਲ ਚੱਲੂੰਗੀ

ਸਭ ਨਾਰੀਆਂ ਇਕ ਜੁੱਟ ਹੋ ਕੇ ਅਸੀਂ ਤੁਰਾਂਗੀਆਂ ਨਾਲ ਤੁਹਾਡੇ
ਸਭ ਤੋਂ ਅੱਗੇ ਮੈਂ ਹੋਵਾਂਗੀ ਚੁੱਕ ਕੇ ਝੰਡਾ ਲਾਲ ਚੱਲੂੰਗੀ

ਹੱਕ ਸੱਚ ਦੀ ਜੰਗ ਲੜਨ ਲਈ ਘਰ ਘਰ ਜਾ ਕੇ ਦੱਸਣਾ ਪੈਣਾ
ਤੁਰੀਏ ਚੰਗੇ ਨਿਯਮ ਬਣਾ ਕੇ ਨਾ ਕਰ ਐਨੀ ਕਾਹਲ ਚੱਲੂੰਗੀ

ਪੁੱਤਰੀ ਮੈਂ ਦਸ਼ਮੇਸ਼ ਪਿਤਾ ਦੀ ਸਾਡੀ ਅਣਖ ਵੰਗਾਰੂ ਕਿਹੜਾ
ਪਹਿਲਾਂ ਪੜ੍ਹ ਕੇ ਵਾਰ ਚੰਡੀ ਦੀ ਬੋਲ ਕੇ ਸੋ ਨਿਹਾਲ ਚੱਲੂੰਗੀ

ਜਦ ਝਾਂਸੀ ਦੀ ਰਾਣੀ ਵਾਂਗੂੰ ਟੁੱਟ ਪਵਾਂਗੀ ਦੁਸ਼ਮਣ ਉੱਤੇ
ਵੈਰੀ ਨੂੰ ਪੈ ਜਾਊ ਭਾਜੜ ਬਣਕੇ ਜਦੋਂ ਭੁਚਾਲ ਚੱਲੂੰਗੀ

ਮੈਂ  ਹਾਂ ਤੇਰੀ ਜੀਵਨ ਸਾਥਣ ਨਾਲ ਜੀਵਾਂਗੀ ਨਾਲ ਮਰਾਂਗੀ
ਤੇਰੇ ਹਰ ਇਕ ਦੁੱਖ-ਸੁੱਖ ਅੰਦਰ ਬਣਕੇ ਭਾਈਵਾਲ ਚੱਲੂੰਗੀ

ਦੁਨੀਆਂ ਦੇ ਵਿੱਚ ਕਰ ਜਾਵਾਂਗੀ ਇਉਂ ਨਾਰੀ ਦੇ ਨਾਮ ਨੂੰ ਉੱਚਾ
ਲੋਕ ਵੇਖ ਕੇ ਦੰਗ ਰਹਿਣਗੇ ਐਸਾ ਕਰਨ ਕਮਾਲ ਚੱਲੂੰਗੀ

ਸ਼ੇਰਾਂ ਦੀਆਂ ਮਾਰਾਂ  ਉੱਤੇ ਗਿੱਦੜ ਪਏ ਕਲੋਲਾਂ ਕਰਦੇ
ਲੋਟੂ ਢਾਹਣੀ ਰਹਿਣ ਨਾ ਦੇਣੀ ਚੁੱਕ ਕੇ ਰਫ਼ਲ ਦੋਨਾਲ ਚੱਲੂੰਗੀ

ਪਾ ਲੈਂਦੇ ਨੇ ਮੰਜ਼ਿਲ ਆਪਣੀ ਜਿਹਨਾਂ ਦੇ ਮਜਬੂਤ ਇਰਾਦੇ
'ਕਰਮ' ਕਦੇ ਮਾਯੂਸ ਨਾ ਹੁੰਦੇ ਹਿਰਦਾ ਰੱਖ ਵਿਸ਼ਾਲ ਚੱਲੂੰਗੀ

***

✪

ਬਾਗ਼ਾਂ ਦੇ ਵਿੱਚ ਮੋਰ ਬੋਲਦੇ
ਮਿੱਠੇ-ਮਿੱਠੇ ਬੋਲ ਕੋਇਲ ਦੇ

ਵਣਾਂ ਦੇ ਵਿੱਚ ਪਪੀਹੇ ਬੋਲਣ
ਬੂੰਦ ਸੰਵਾਂਤੀ ਫਿਰਨ ਟੋਲਦੇ

ਫੁੱਲ ਖਿੜੇ ਨੇ ਰੰਗ ਬਿਰੰਗੇ
ਪੌਣਾਂ ਵਿੱਚ ਸੁਗੰਧ ਘੋਲਦੇ

ਬੱਦਲਾਂ ਵਿੱਚੋਂ ਬਿਜਲੀ ਲਿਸ਼ਕੇ
ਜਦੋਂ ਗਰਜਦੇ ਚਿੱਤ ਡੋਲਦੇ

ਤੀਆਂ ਦੇ ਵਿੱਚ ਕੁੜੀਆਂ ਨੱਚਣ
ਗੀਤ ਗਾਉਂਦੀਆਂ ਸੰਮੀ ਢੋਲਦੇ

ਸਜ-ਵਿਆਹੀਆਂ ਪੇਕੇ ਗਈਆਂ
ਦਿਲ ਆਏ ਨੇ ਚੋਲ੍ਹ-ਮੋਲ੍ਹਦੇ

ਆਪਣੇ ਕੋਲ ਜੇ ਆਪਣਾ ਹੋਵੇ
ਦੁੱਖ ਵੰਡਾਵੇ ਜਿੰਦ ਸੋਹਲਦੇ

ਲੋਭੀ ਕਦੇ ਵੀ ਸੁੱਖ ਨਾ ਮਾਨਣ
ਪਿਆਰ ਨੂੰ ਪੈਸੇ ਨਾਲ ਤੋਲਦੇ

'ਕਰਮ' ਲੋਕ ਜੋ ਅਕਲੋਂ ਹੀਣੇ
ਭਰੀ ਜਵਾਨੀ ਫਿਰਨ ਰੋਲਦੇ

***

✪

ਕੋਸੀਏ ਨਾ ਕਦੇ ਤਕਦੀਰ ਆਪਣੀ
ਧੀਆਂ-ਪੁੱਤ ਹੁੰਦੇ ਨੇ ਜਾਗੀਰ ਆਪਣੀ

ਕਰੀਏ ਕਮਾਈ ਸਦਾ ਹੱਕ ਸੱਚ ਦੀ
ਕਦੇ ਵੀ ਨਾ ਵੇਚੀਏ ਜ਼ਮੀਰ ਆਪਣੀ

ਨੰਹੁਾਂ ਨਾਲੋਂ ਮਾਸ ਕਦੇ ਹੁੰਦਾ ਵੱਖ ਨਾ
ਗੁੱਸਾ-ਗਿਲਾ ਪਾਣੀ ਤੇ ਲਕੀਰ ਆਪਣੀ

ਦੂਜਿਆਂ ਦੇ ਔਗੁਣ ਉਛਾਲੇਂ ਸੱਜਣਾ
ਲੈ ਸ਼ੀਸ਼ੇ ਵਿੱਚ ਵੇਖ ਤਸਵੀਰ ਆਪਣੀ

ਸਭਨਾਂ ਦਾ ਰੱਖਣਾ ਖ਼ਿਆਲ ਚਾਹੀਦੈ
ਸੋਚੇ ਕਿਉਂ ਰਾਜਾ ਤੇ ਵਜੀਰ ਆਪਣੀ

ਝੂਠ ਨਾਲ ਸਾਡੀ ਨਈ ਦਾਲ ਗਲਣੀ
ਹੈ ਸੱਚ ਨਾਲ ਨਿਭਣੀ ਅਖ਼ੀਰ ਆਪਣੀ

'ਕਰਮ' ਦੇ ਬਾਝੋਂ ਸਭ ਗੱਲਾਂ ਫੋਕੀਆਂ
ਐਂਵੇਂ ਨਾ ਸੁਣਾਈ ਜਾ ਤੂੰ ਹੀਰ ਆਪਣੀ

***

✪

ਅੱਜ ਆਪਣੀ ਮੈਂ ਦਾਸਤਾਂ ਸੁਣਾਊਂ ਕਿਸ ਤਰ੍ਹਾਂ ?
ਸੁੱਤੀਆਂ ਉਹ ਯਾਦਾਂ ਨੂੰ ਜਗਾਊਂ ਕਿਸ ਤਰ੍ਹਾਂ ?

ਮੇਰੇ ਜ਼ਖ਼ਮ ਪੁਰਾਣੇ ਹੋ ਕੇ ਠੰਡੇ ਪੈ ਗਏ
ਪਏ ਦਰਦਾਂ ਨਾਲ ਵਿੰਨੇ ਉਹ ਵਿਖਾਊਂ ਕਿਸ ਤਰ੍ਹਾਂ ?

ਮੇਰਾ ਹੁਣ ਭਰਨਾ ਨਹੀਂ ਕਿਸੇ ਨੇ ਹੁੰਗਾਰਾ
ਮੇਰੀ ਬਾਤ ਕੁਝ ਲੰਬੀ ਮੈਂ ਪਾਊਂ ਕਿਸ ਤਰ੍ਹਾਂ ?

ਕੀਤਾ ਨਹੀਂ ਸਫ਼ਰ ਐਂਵੇਂ ਤਾਰਿਆਂ ਦੀ ਛਾਵੇਂ
ਜੇ ਮੈਂ ਰੁਕਿਆ ਤਾਂ ਮੰਜ਼ਿਲ ਤੇ ਜਾਊਂ ਕਿਸ ਤਰ੍ਹਾਂ ?

ਈਮਾਨਦਾਰੀ ਨਾਲ ਜੋ ਕੱਢੀ ਫੁਲਕਾਰੀ
ਉੱਤੇ ਲਾਲਚਾਂ ਦੇ ਮੋਰ ਮੈਂ ਸਜਾਊਂ ਕਿਸ ਤਰ੍ਹਾਂ ?

ਜੇ ਅਕਸ ਮੇਰਾ ਸਾਫ਼ ਦਿਸਿਆ ਨਾ ਸ਼ੀਸ਼ੇ ਵਿੱਚੋਂ
ਫਿਰ ਜ਼ਿੰਦਗੀ ਦੀ ਗ਼ਜ਼ਲ ਮੈਂ ਬਣਾਊਂ ਕਿਸ ਤਰ੍ਹਾਂ ?

ਜੇ ਦਨੀਆਂ ਤੋਂ ਗਿਆ ਨਾ ਮੈਂ ਫੁੱਲ ਵਾਂਗ ਹੌਲਾ
ਦੱਸੋ ਯਾਰ ਨਾਲ ਨਜ਼ਰਾਂ ਮਿਲਾਊਂ ਕਿਸ ਤਰ੍ਹਾਂ ?

ਉਦੋਂ 'ਕਰਮ' ਨਾਲ ਤੁਸੀਂ ਇਹ ਨਾ ਕਰਿਓ ਵਧੀਕੀ
ਜਦ ਘਿਉ ਮੂੰਹ ਨੂੰ ਲਾਉਂਗੇ ਮੈਂ ਖਾਊਂ ਕਿਸ ਤਰ੍ਹਾਂ ?

***

✪

ਸੱਜਣਾ ਤੇਰਾ ਪਿਆਰਾ ਵਿਖਾਵਾ ਲਗਦਾ ਹੈ
ਜੋ ਕੀਤਾ ਸੀ ਝੂਠਾ ਦਾਅਵਾ ਲਗਦਾ ਹੈ

ਇਸ਼ਕ ਮੇਰੇ ਨੂੰ ਟੰਗਦੇ ਭਾਵੇਂ ਸੂਲੀ ਤੇ
ਹੁਸਨ ਤੇਰਾ ਤਾਂ ਨਿਰਾ ਛਲਾਵਾ ਲਗਦਾ ਹੈ

ਕਿਹੜੀ ਗੱਲ ਤੋਂ ਐਂਵੇਂ ਅੱਖਾਂ ਫੇਰ ਲਈਆਂ
ਤੈਨੂੰ ਮਿਲਿਆ ਕੋਈ ਡਰਾਵਾ ਲਗਦਾ ਹੈ

ਵਾਹਦੇ ਕੀਤੇ ਵਿਤਕਰਿਆਂ ਵਿੱਚ ਬਦਲ ਗਏ
ਹੁਣ ਤਾਂ ਸੱਜਣ ਬਦਲਿਆ ਵਾਹਵਾ ਲਗਦਾ ਹੈ

ਚੋਰ ਹੁਸਨ ਦੇ ਫਿਰਦੇ ਨੇ ਸੱਨ੍ਹ ਲਾਉਣ ਲਈ
ਪਹਿਰੇਦਾਰ ਮਿੱਟੀ ਦਾ ਬਾਵਾ ਲਗਦਾ ਹੈ

ਚੋਰੀ-ਚੋਰੀ ਘੁਸਰ-ਮੁਸਰ ਜੋ ਹੋ ਰਹੀ ਏ
ਲੈ ਜਾਊਗਾ ਕੋਈ ਮੁਕਲਾਵਾ ਲਗਦਾ ਹੈ

ਸਾਨੂੰ ਤੇਰੀ ਖ਼ੁਦ ਮਗ਼ਰੂਰੀ ਦੱਸਦੀ ਪਈ
ਵੱਡਿਆਂ ਦੇ ਨਾਲ ਗਲ ਘਸਾਵਾ ਲਗਦਾ ਹੈ

ਹੁਣ ਲੂਣ ਛਿੜਕ ਕੇ ਜਾਵੇਂਗੀ ਤੂੰ ਜ਼ਖ਼ਮਾਂ ਤੇ
ਇਹ ਚਾਰ ਦਿਨਾਂ ਦਾ ਦਿਲ ਪਰਚਾਵਾ ਲਗਦਾ ਹੈ

'ਕਰਮ' ਲੱਖਾਂ ਹੀ ਡਿੱਗੇ ਇਸ਼ਕ ਦੀ ਪੌੜੀ ਤੋਂ
ਯਾਰ ਗੰਵਾ ਕੇ ਫਿਰ ਪਛਤਾਵਾ ਲਗਦਾ ਹੈ

***



✪

ਫੁੱਲਾਂ ਦੇ ਨਾਲ ਫੁੱਲ ਤੋੜ ਕੇ ਯਾਰ ਨੂੰ ਭੇਟਾ ਕਰੀਏ
ਫੁੱਲ ਦੇ ਰਾਹੀਂ ਫੁੱਲ ਵਰਗਾ ਦਿਲ ਯਾਰ ਦੇ ਕੋਲੋਂ ਹਰੀਏ

ਅੱਖੀਆਂ ਲੜਦੀਆਂ ਰਹਿਣ ਦਿਲ ਹੋ ਜਾਂਦੇ ਇਕ ਦੂਜੇ ਦੇ
ਯਾਰ 'ਚ ਆਪਣਾ ਅਕਸ ਵੇਖ ਕੇ ਸਾਹਾਂ ਵਿੱਚ ਸਾਹ ਭਰੀਏ

ਗਲੀ ਇਸ਼ਕ ਦੀ ਤੁਰਨਾ ਔਖਾ ਇਹ ਕਹਿੰਦੇ ਲੋਕ ਸਿਆਣੇ
ਏਸ ਗਲੀ 'ਚੋਂ ਲੰਘਣ ਤੋਂ ਪਹਿਲਾਂ ਜਾਨ ਤਲੀ ਤੇ ਧਰੀਏ

ਇਹ ਥੋੜ੍ਹੇ ਦਿਨ ਦੀ ਜ਼ਿੰਦਗੀ ਭੋਗਣ ਆਸ਼ਕ ਤੇ ਪ੍ਰਵਾਨੇ
ਮਰਨ ਤੋਂ ਪਹਿਲਾਂ ਅਮਰ ਹੋ ਜਾਂਦੇ ਐਸੀ ਮਰਨੀ ਮਰੀਏ

ਦੋ ਦਿਲ ਜਦ ਵੀ ਜੁੜਕੇ ਬਹਿੰਦੇ ਕਿਉਂ ਲੋਕਾਂ ਦੇ ਦਿਲ ਸੜਦੇ
ਇਹ ਦਿਲ ਵਾਲੇ ਹੀ ਦਿਲ ਦੀ ਜਾਨਣ ਕੀ ਲੋਕਾਂ ਦਾ ਕਰੀਏ

ਜੇਕਰ ਇਸ਼ਕ ਦੀ ਕਸਵੱਟੀ ਤੇ ਖ਼ਰਾ ਉਤਰਨਾ ਪੈ ਜਾਏ
ਮਾਰੂਥਲ ਤੋਂ ਨਾ ਘਬਰਾਈਏ ਨਾ ਕੱਚਿਆਂ ਤੋਂ ਡਰੀਏ

ਲੋਕਾਂ ਨੇ ਜਦ ਵੱਟੇ ਮਾਰੇ ਇਸ਼ਕ ਨੇ ਸਹੀਆਂ ਪੀੜਾਂ
ਸੱਜਣਾ ਦੇ ਇਕ ਫੁੱਲ ਮਾਰਨ ਦੀ ਪੀੜ ਕਿਵੇਂ ਦੱਸ ਜਰੀਏ

ਬਸ ਵੈਰ ਕਮਾਉਂਦੇ ਰਹਿਣ ਹਮੇਸ਼ਾਂ ਪੱਥਰ ਦਿਲਾਂ ਦੇ ਲੋਕ
'ਕਰਮ' ਤੂਫ਼ਾਨੀ ਛੱਲਾਂ ਉੱਤੇ ਫੁੱਲ ਬਣ ਕੇ ਹੀ ਤਰੀਏ

***

✪

ਜਿਹਨਾਂ ਦੇ ਹੱਥਾਂ ਨੇ ਸੀ ਪੱਥਰ ਤਰਾਸ਼ੇ
ਜ਼ਿੰਦਗੀ ਤੋਂ ਅਵਾਜ਼ਾਰ ਫਿਰਦੇ ਨਿਰਾਸ਼ੇ

ਉਹਨਾਂ ਪੱਥਰਾਂ ਦੀ ਨਿੱਤ ਹੁੰਦੀ ਪੂਜਾ
ਉਹ ਬਿਟ-ਬਿਟ ਵੇਖੀ ਜਾਣ ਬੈਠੇ ਇਕ ਪਾਸੇ

ਤੜਫ਼ ਪਪੀਹੇ ਦੀ ਬੁਝਾਉਣਗੇ ਕਿਵੇਂ
ਫਿਰਦੇ ਨੇ ਜਿਹੜੇ ਅਜੇ ਬੱਦਲ ਪਿਆਸੇ

ਮੰਜ਼ਿਲ ਦੇ ਵੱਲ ਜਾਣੋਂ ਰੁਕ ਜਾਂਦੇ ਪੈਰ
ਆਪਣੇ ਅਕੀਦੇ ਤੋਂ ਜੋ ਬੇ=ਵਿਸ਼ਵਾਸੇ

ਅੱਗ ਲਾ ਕੇ ਘਰਾਂ ਨੂੰ ਜੋ ਵੇਖਣ ਤਮਾਸ਼ਾ
ਉਹ ਇਕ ਦਿਨ ਬਣ ਜਾਂਦੇ ਆਪ ਵੀ ਤਮਾਸ਼ੇ

ਕਿਸ਼ਤੀ ’ਚ ਬੈਠ ਜੋ ਡਾਵਾਂ ਡੋਲ ਹੋਏ
ਉਹ ਦੂਜਿਆਂ ਨੂੰ ਕਿੱਥੋਂ ਦੇਣਗੇ ਦਿਲਾਸੇ

ਰੱਜ-ਰੱਜ ਖਾਂਦੇ ਜੋ ਦਬ ਕੇ ਕਮਾਉਂਦੇ
ਸਿਰਾਂ ਉੱਤੇ ਸਿਦਕਾਂ ਦੇ ਮਾਰਕੇ ਮੜਾਸੇ

ਕਰਦੇ ‘ਕਰਮ’ ਜੋ ਮਨੁੱਖਤਾ ਨੂੰ ਪਿਆਰ
ਚਿਹਰੇ ਉੱਤੇ ਖੁਸ਼ੀ ਬੁੱਲ੍ਹੀਆਂ ਤੇ ਹਾਸੇ

***

✪

ਮਾਨਵਤਾ ਨੂੰ ਜਿਉਂਦੀ ਰੱਖੀਏ ਹਰ ਹੀਲਾ ਅਪਨਾ ਕੇ
ਨਫ਼ਰਤ ਦਾ ਪ੍ਰਦੂਸ਼ਨ ਰੋਕੇ ਪਿਆਰ ਦੇ ਪੌਦੇ ਲਾ ਕੇ

ਕੀ ਬੰਦੇ ਨੂੰ ਬੰਦਾ ਕਹੀਏ ਕੰਮ ਸ਼ੈਤਾਨਾਂ ਵਾਲੇ
ਖਾਣ-ਪੀਣ ਦੀ ਹਰ ਵਸਤੂ ਵਿੱਚ ਰੱਖਦੈ ਜ਼ਹਿਰ ਮਿਲਾ ਕੇ

ਖ਼ੁਦਗਰਜ਼ਾਂ ਦੀ ਬਸਤੀ ਅੰਦਰ ਨਹੀਂ ਵਸੇਬਾ ਹੋਣਾ
ਉਪਰ ਉੱਠ ਕੇ ਜੀਣਾ ਸਿੱਖੀਏ ਗਰਜ਼ਾਂ ਪਰ੍ਹੇ ਹਟਾ ਕੇ

ਫੁੱਲਾਂ ਦੀ ਹਿਫਾਜ਼ਤ ਜੇਕਰ ਨਹੀਂ ਸੀ ਕਰਨੀ ਆਉਂਦੀ
ਆਪਣੀ ਸ਼ਾਨ 'ਚ ਕਿਉਂ ਮਸਲਤੇ ਪੈਰਾਂ ਹੇਠ ਵਿਛਾ ਕੇ

ਹੱਥ 'ਚ ਆਏ ਸਿੱਪੀਆਂ ਘੋਗੇ ਰੇਤ ਪੱਤਣ ਦੀ ਛਾਣੀ
ਹੀਰੇ ਮੋਤੀ ਹਾਸਲ ਹੁੰਦੇ ਗਹਿਰਾਈ ਵਿੱਚ ਜਾ ਕੇ

ਧਰਮ ਜੋੜਦਾ ਰਿਹੈ ਹਮੇਸ਼ਾਂ ਧਰਮ ਦੇ ਪਹਿਰੇਦਾਰੋ
ਨਾ ਡੋਲ੍ਹੋ ਖ਼ੂਨ ਮਨੁੱਖਤਾ ਦਾ ਆਪਸ ਵਿੱਚ ਲੜਾ ਕੇ

ਆਪਣਾ ਰਸਤਾ ਆਪ ਬਣਾਉਂਦਾ ਦਰਿਆਵਾਂ ਦਾ ਪਾਣੀ
ਜਾ ਪਹੁੰਚਦੈ ਮਜ਼ਿਲ ਉੱਤੇ ਟੋਏ ਟਿੱਬੇ ਢਾਹ ਕੇ

ਕਵੀਆ ਤੂੰ ਆਸਮਾਨਾਂ ਵਿੱਚੋਂ ਤਾਰੇ ਤੋੜ ਲਿਆਉਨੈਂ
ਕੁਲ ਦੁਨੀਆਂ ਦੀ ਸੋਚ ਬਦਲਦੇ ਆਪਣੀ ਕਲਮ ਚਲਾ ਕੇ

ਆ ਕੋਈ ਉਪਰਾਲਾ ਕਰੀਏ ਆਉਣ ਸੋਹਣੀਆਂ ਰੱਤਾਂ
'ਕਰਮ' ਅਸਾਂ ਨੇ ਇਸ ਧਰਤੀ ਨੂੰ ਰੱਖਣੈਂ ਸਵਰਗ ਬਣਾ ਕੇ

***

✪

ਭਰ ਜਾਂਦੇ ਨੇ ਅਕਸਰ ਫੱਟ ਤਲਵਾਰਾਂ ਦੇ
ਬੋਲਾਂ ਦੇ ਫੱਟ ਦਿਲ ਤੇ ਰੜਕਣ ਯਾਰਾਂ ਦੇ

ਹੱਸ ਕੇ ਛੱਡੀਏ ਯਾਰ ਦੁਬਾਰਾ ਮਿਲ ਜਾਂਦੇ
ਨਾ ਬੋਲੀਏ ਬੋਲ ਭਰੇ ਅੰਗਿਆਰਾਂ ਦੇ

ਪਰਦੇ ਵਾਲੀ ਗੱਲ ਪਰਦੇ ਵਿੱਚ ਕਰੀਏ
ਕਹਿਣ ਸਿਆਣੇ ਹੁੰਦੇ ਕੰਨ ਦੀਵਾਰਾਂ ਦੇ

ਵੋਟਾਂ ਵਾਲੇ ਵਾਹਦੇ ਕੀਤੇ ਭੁੱਲ ਜਾਂਦੇ
ਫਿਰ ਲੋਕ ਸਾੜਦੇ ਪੁਤਲੇ ਵਿੱਚ ਬਾਜ਼ਾਰਾਂ ਦੇ

ਕਾਇਮ ਰੱਖਣਾ ਸਦਾ ਪੰਜਾਬੀ ਬੋਲੀ ਨੂੰ
ਸਿਰ ਤੇ ਪੱਗੜੀ ਸੋਂਹਦੀ ਹੈ ਸਰਦਾਰਾਂ ਦੇ

ਭੁੱਲ ਗਏ ਸਭ ਲੋਕ ਪੰਜਾਬੀ ਗਿੱਧੇ ਨੂੰ
ਸਿੱਖ ਗਏ ਡਿਸਕੋ ਮੁੰਡੇ ਨੰਬਰਦਾਰਾਂ ਦੇ

ਇਹ ਧੱਕੇਸ਼ਾਹੀ ਹੈਂਕੜਬਾਜ਼ੀ ਠੀਕ ਨਹੀਂ
ਹਰ ਮਸਲੇ ਦਾ ਹੱਲ ਹੈ ਨਾਲ ਪਿਆਰਾਂ ਦੇ

ਇਸ ਖੁਸ਼ਕ ਹਵਾ ਨੇ ਪੱਤ ਝਾੜ ’ਤੇ ਰੁੱਖਾਂ ਦੇ
ਪੱਤਝੜ ਮਗਰੋਂ ਆਉਂਦੇ ਦਿਨ ਬਹਾਰਾਂ ਦੇ

ਬੋਦੀ ਵਾਲਾ ਤਾਰਾ ਚੜ੍ਹਿਆ ਮੰਗਲ ਨੂੰ
‘ਕਰਮ’ ਲੋਕ ਸਭ ਪੈ ਗਏ ਵਿੱਚ ਵਿਚਾਰਾਂ ਦੇ

ਜ਼ਿੰਦਗੀ ਵਿੱਚ ਹਾਦਸੇ ਹੋਏ ਉਹ ਮੈਂ ਦੱਸੂੰ ਫੇਰ ਕਦੇ
ਕਿੰਨੇ ਆਏ ਟਿੱਬੇ-ਟੋਏ ਉਹ ਮੈਂ ਦੱਸੂੰ ਫੇਰ ਕਦੇ

ਅੱਲੇ ਜ਼ਖ਼ਮ ਅਜੇ ਨਾ ਛੇੜੋ ਫੇਰ ਪੈਣਗੀਆਂ ਚੀਸਾਂ
ਕਿਵੇਂ ਖਰੀਡਾਂ ਹੇਠ ਲੁਕੋਏ ਉਹ ਮੈਂ ਦੱਸੂੰ ਫੇਰ ਕਦੇ

ਸਭ ਅਰਮਾਨ ਖਿਲਰ ਕੇ ਮੇਰੇ ਮਿੱਟੀ ਦੇ ਵਿੱਚ ਮਿਲ ਗਏ
ਹੰਝੂਆਂ ਨਾਲ ਕੀਕਣ ਧੋਏ ਉਹ ਮੈਂ ਦੱਸੂੰ ਫੇਰ ਕਦੇ

ਕਿਵੇਂ ਦੱਸਾਂ ਮੈਂ ਰਾਮ ਕਹਾਣੀ ਜੀਭ ਮੇਰੀ ਥਥਲਾਵੇ
ਸ਼ਬਦ ਹੋਏ ਨੇ ਕਿਉਂ ਅਧਮੋਏ ਉਹ ਮੈਂ ਦੱਸੂੰ ਫੇਰ ਕਦੇ

ਕਾਹਲੀ-ਕਾਹਲੀ ਲੰਘ ਗਿਆ ਉਹ ਮੇਰੇ ਵੱਲ ਸੀ ਵੇਂਹਦਾ
ਕਿਉਂ ਨਾ ਉਸਦੇ ਕਦਮ ਖੜੋਏ ਉਹ ਮੈਂ ਦੱਸੂੰ ਫੇਰ ਕਦੇ

ਕਿੰਨੇ ਸਾਲ ਉਡੀਕਿਆ ਉਸਨੂੰ ਉਹ ਨਾ ਮੁੜਕੇ ਆਇਆ
ਕਿਉਂ ਨਾ ਯਾਦਾਂ ਬੂਹੇ ਢੋਏ ਉਹ ਮੈਂ ਦੱਸੂੰ ਫੇਰ ਕਦੇ

ਨਾ ਪੁੱਛੋ ਤਾਂ ਠੀਕ ਰਹੇਗਾ ਪੈਣਗੇ ਹੌਲ ਦਿਲਾਂ ਨੂੰ
ਜੋ ਮੈਂ ਅੰਦਰ ਦਰਦ ਸਮੋਏ ਉਹ ਮੈਂ ਦੱਸੂੰ ਫੇਰ ਕਦੇ

'ਕਰਮ' ਦਿਲ ਦਿਆਂ ਚਾਵਾਂ ਉੱਤੇ ਕਿਸੇ ਮਾਰਿਐ ਡਾਕਾ
ਕਿਵੇਂ ਹੌਂਸਲੇ ਰਹੇ ਨਰੋਏ ਉਹ ਮੈਂ ਦੱਸੂੰ ਫੇਰ ਕਦੇ

***

✪

ਅੱਲੇ ਜ਼ਖ਼ਮ ਉਚੇੜ ਨਾ ਐਂਵੇਂ ਹੋ ਸਕਦੈ ਤਾਂ ਮਲ੍ਹਮ ਲਾ ਦੇ
ਭੁੱਖੇ ਦੇ ਲਈ ਰੋਟੀ ਬਣਜਾ, ਪਿਆਸੇ ਦੇ ਮੂੰਹ ਪਾਣੀ ਪਾ ਦੇ

ਬੰਦੇ ਦੇ ਅਰਮਾਨਾਂ ਤਾਈਂ ਕਤਲ ਕਰਨ ਦਾ ਹੱਕ ਨਹੀਂ ਤੈਨੂੰ
ਖੋਹੀ ਜੋ ਮਾਸੂਮਾਂ ਕੋਲੋਂ ਸੱਜਣਾ ਉਹ ਮੁਸਕਾਨ ਲੌਟਾ ਦੇ

ਔਗੁਣ ਭਰਿਆ ਕਾਵਾਂ ਨੂੰ ਤੂੰ ਬਹਿਣ ਨਾ ਦਈਂ ਬਨੇਰੇ ਉੱਤੇ
ਵਰਨਾ ਗੰਦ ਖਿਲਾਰਨਗੇ ਇਹ ਇਹਨਾਂ ਨੂੰ ਸ਼ੀ ਆਖ ਉਡਾ ਦੇ

ਸਿਰ ਦਿੱਤਿਆਂ ਜੇ ਸ਼ਹੁ ਮਿਲ ਜਾਵੇ ਇਸ ਭਾਅ ਇਹ ਸੌਦਾ ਨਹੀਂ ਮਹਿੰਗਾ
ਗੁਰ ਦਰ ਤੋਂ ਜੇ ਲਾਹਾ ਲੈਣਾ ਆਪਣੇ ਆਪ ਨੂੰ ਵਿੱਚੋਂ ਹਟਾ ਦੇ

ਛੋੜਦੇ ਪਸ਼ੂਆਂ ਵਾਲੀ ਬਿਰਤੀ ਤੈਨੂੰ ਰੱਬ ਬਣਾਇਐ ਬੰਦਾ
ਆਪਣੇ 'ਕਰਮ' ਦੁਆਰਾ ਸੱਜਣਾ ਤੂੰ ਬਣਕੇ ਇਨਸਾਨ ਵਿਖਾ ਦੇ

ਕੀ ਹੋ ਰਿਹੈ ਤੇ ਕੀ ਹੋਵੇਗਾ ਇਹ ਚਿੰਤਾ ਹੁਣ ਕਰਨੀ ਛੱਡਦੇ
ਇਕ ਵਸੀਅਤ ਨਾਮਾ ਲਿਖਕੇ ਉਹ ਮੁਰਸ਼ਦ ਦੀ ਭੇਟ ਚੜ੍ਹਾ ਦੇ

ਨਾ ਕੋਇ ਵੈਰੀ ਨਾ ਹੀ ਬਿਗਾਨਾ ਐਨੀ ਉੱਚੀ ਸੋਚ ਬਣਾ ਕੇ
ਰੱਬ ਨੂੰ ਜੇਕਰ ਖੁਸ਼ ਕਰਨਾ ਏਂ ਵੈਰ ਈਰਖਾ ਦਿਲੋਂ ਮਿਟਾ ਦੇ

***

ਜਿਹੜੀ ਮਾਂ ਦਾ ਮੈਂ ਹਾਂ ਪਰਛਾਵਾਂ ਦੁਨੀਆਂ ਵਿੱਚ
ਉਸ ਮਾਂ ਦੀ ਗਾਥਾ ਖੋਲ੍ਹ ਸੁਣਾਵਾਂ ਦੁਨੀਆਂ ਵਿੱਚ

ਕੋਈ ਮਾਂ ਵਰਗਾ ਨਾ ਤੀਰਥ ਸਾਰੀ ਦੁਨੀਆਂ ਤੇ
ਮਾਂ ਤਾਂ ਹੈ ਰੂਪ ਰੱਬ ਦਾ ਸਾਵਾਂ ਦੁਨੀਆਂ ਵਿੱਚ

ਮਾਂ ਦੀ ਮਮਤਾ ਦਾ ਤਾਂ ਹੁੰਦਾ ਕੋਈ ਮੁੱਲ ਨਹੀਂ
ਕਿੰਝ ਮੈਂ ਮਾਂ ਦਾ ਕਰਜ਼ ਚੁਕਾਵਾਂ ਦੁਨੀਆਂ ਵਿੱਚ

ਹੋਰ ਬਹਿਸ਼ਤ ਨ ਕੋਈ ਲੋਕੋ ਮਾਂ ਦੀ ਗੋਦ ਬਿਨਾਂ
ਮਾਵਾਂ ਹੀ ਨੇ ਠੰਡੀਆਂ ਛਾਵਾਂ ਦੁਨੀਆਂ ਵਿੱਚ

ਜੇਕਰ ਕਿਧਰੋਂ ਮੈਨੂੰ ਮਾਂ ਦੀ ਦੱਸ ਪੈ ਜਾਵੇ ਤਾਂ
ਮਾਂ ਆਪਣੀ ਮੈਂ ਮੋੜ ਲਿਆਵਾਂ ਦੁਨੀਆਂ ਵਿੱਚ

ਕੌਣ ਕਲੇਜੇ ਘੁੱਟ ਕੇ ਲਾਵੇ ਬਾਲ ਯਤੀਮਾਂ ਨੂੰ
ਜੋ ਲੈਣ ਸਿਸਕੀਆਂ ਭਰਦੇ ਹਾਵਾਂ ਦੁਨੀਆਂ ਵਿੱਚ

ਕਿਉਂ ਅੱਜ ਦੀ ਪੀੜ੍ਹੀ ਮਾਵਾਂ ਨੂੰ ਧਿਰਕਾਰ ਰਹੀ
ਹੈ ਸਰਬਣ ਪੁੱਤਰ ਟਾਵਾਂ ਟਾਵਾਂ ਦੁਨੀਆਂ ਵਿੱਚ

'ਕਰਮ' ਦਿਲਾਂ ਦੀ ਜੋ ਅਭਿਲਾਸ਼ਾ ਮਿਲ ਸਕਦੈ ਉਹੀ
ਮਿਲਦੀਆਂ ਫੇਰ ਕਦੇ ਨਾ ਮਾਵਾਂ ਦੁਨੀਆਂ ਵਿੱਚ

***

✪

ਕਿਸੇ ਹੋਰ ਦਾ ਨਾ ਮੈਨੂੰ ਇੰਤਜ਼ਾਰ ਹੈ ਤੇਰੇ ਬਿਨਾਂ
ਐ ਯਾਰ ਮੇਰੀ ਜ਼ਿੰਦਗੀ ਬੇਜ਼ਾਰ ਹੈ ਤੇਰੇ ਬਿਨਾਂ

ਏਥੇ ਕੋਈ ਨਾ ਕਿਸੇ ਦਾ ਝੱਟ ਫੇਰ ਜਾਂਦੇ ਅੱਖਾਂ
ਮੈਨੂੰ ਹੋਰ ਨਾ ਕਿਸੇ ਤੇ ਇਤਬਾਰ ਹੈ ਤੇਰੇ ਬਿਨਾ

ਮੇਰੀ ਜ਼ਿੰਦਗੀ 'ਚ ਆ ਕੇ ਕੋਈ ਕਿਵੇਂ ਦਖਲ ਦੇਊ
ਨਹੀਂ ਕਿਸੇ ਨੂੰ ਮੈਂ ਦਿੱਤਾ ਅਧਿਕਾਰ ਹੈ ਤੇਰੇ ਬਿਨਾ

ਤੂੰ ਆਵੇਂਗਾ ਇਕ ਦਿਨ ਹੈ ਇਤਨਾ ਯਕੀਨ ਮੈਨੂੰ
ਤੂੰ ਦੱਸ ਹੋਰ ਕੌਣ ਮੇਰਾ ਗ਼ਮਖ਼ਾਰ ਹੈ ਤੇਰੇ ਬਿਨਾ

ਅੱਜ ਲੋਕ ਚੋਭਾਂ ਲਾ ਕੇ ਪੁਛਦੇ ਨੇ ਤੇਰੇ ਬਾਰੇ
ਹੁਣ ਯਾਰ ਮੇਰਾ ਜੀਣਾ ਦੁਸ਼ਵਾਰ ਹੈ ਤੇਰੇ ਬਿਨਾ

ਲੋਕ ਨੇ ਬਣਾਉਂਦੇ ਐਂਵੇਂ ਖੰਭਾਂ ਦੀਆਂ ਡਾਰਾਂ
ਅਜੇ ਤਾਂ ਕੁਆਰਾ ਮੇਰਾ ਪਿਆਰ ਹੈ ਤੇਰੇ ਬਿਨਾ

ਇਉਂ ਤੂੰ ਵੇਖ ਨਾ ਤਮਾਸ਼ਾ ਬਹਿ ਕੇ ਪਰਦਿਆਂ ਓਹਲੇ
ਬਹੁਤ ਬੇਚੈਨ ਹਾਂ ਦਿਲ ਬੇਕਰਾਰ ਹੈ ਤੇਰੇ ਬਿਨਾ

'ਕਰਮ' ਦੇ ਇਸ ਪਿਆਰ ਨੂੰ ਬਸ ਆਪਣਾ ਨਾਮ ਦੇ ਦੇ
ਕੌਣ ਮੇਰੇ ਪਿਆਰ ਦਾ ਹੱਕਦਾਰ ਹੈ ਤੇਰੇ ਬਿਨਾ

***

✪

ਕਿਉਂ ਚਿਹਰਾ ਮੁਰਝਾਇਆ ਲਗਦੈ
ਬੰਦੇ ਨੇ ਕੁਝ ਗੰਵਾਇਆ ਲਗਦੈ

ਕਈ ਧਰਮਾਂ ਦੇ ਚਾੜ੍ਹ ਮਖੌਟੇ
ਬੰਦੇ ਨੂੰ ਉਕਸਾਇਆ ਲਗਦੈ

ਰੰਗ ਬਰੰਗੀ ਚਮਕ ਵਿਖਾ ਕੇ
ਮਾਇਆ ਨੇ ਭਰਮਾਇਆ ਲਗਦੈ

ਮਾੜੇ ਦੇ ਤਾਂ ਗਲ਼ ਪੈਂਦਾ ਏ
ਤਕੜੇ ਦਾ ਦਬਕਾਇਆ ਲਗਦੈ

ਕਰਦੈ ਕੰਮ ਹੈਵਾਨਾਂ ਵਾਲੇ
ਦਾਨਵ ਦਾ ਹਮਸਾਇਆ ਲਗਦੈ

ਸਿਆਸਤ ਭਾਰੂ ਪੈਂਦੀ ਜਾਂਦੀ
ਹਰ ਥਾਂ ਜਾਲ ਵਿਛਾਇਆ ਲਗਦੈ

ਇੰਝ ਲਗਦਾ ਸੀ ਹੱਥ ਮਿਲਾਊ
ਇਹ ਤਾਂ ਛੁਰਾ ਚਲਾਇਆ ਲਗਦੈ

ਇਸ ਦੀ ਹੋਂਦ ਨੇ ਮਿਟ ਜਾਣਾ ਸੀ
ਕਿਸੇ ਦਾ ਅਜੇ ਬਚਾਇਆ ਲਗਦੈ

'ਕਰਮ' ਏਸ ਦਾ ਵੇਖ ਨਜ਼ਰੀਆ
ਆਲਮ ਕੁਲ ਪਰਾਇਆ ਲਗਦੈ

***

✪

ਛਾ ਗਈ ਰੌਸ਼ਨੀ ਜਦੋਂ ਹਨੇਰਿਆਂ ਤੇ
ਮੁੜ ਆਈ ਮੁਸਕਾਨ ਫਿਰ ਚਿਹਰਿਆਂ ਤੇ

ਰਾਤਾਂ ਕਾਲੀਆਂ ਜੁਗਨੂੰ ਚਮਕਦੇ ਰਹੇ
ਜਾਵਾਂ ਸਦਕੇ ਉਹਨਾਂ ਦੇ ਜੇਰਿਆਂ ਤੇ

ਚਹਿਕਣ ਲਗੀਆਂ ਚਿੜੀਆਂ ਫੇਰ ਮੁੜਕੇ
ਸੁਰਖ਼ ਲਾਲੀ ਜਦ ਆਈ ਸਵੇਰਿਆਂ ਤੇ

ਤੇਰੇ ਆਏ ਦਾ ਹੋਇਆ ਅਹਿਸਾਸ ਮੈਨੂੰ
ਆ ਕੇ ਬੋਲਿਆ ਕਾਂ ਬਨੇਰਿਆਂ ਤੇ

ਲੁਕਣ ਵਾਸਤੇ ਉਹਨਾਂ ਨੂੰ ਥਾਂ ਬਖ਼ਸ਼ੀ
ਆਈਆਂ ਮੁਸ਼ਕਿਲਾਂ ਜਦੋਂ ਬਟੇਰਿਆਂ ਤੇ

ਮੇਰੀ ਕਿਸੇ ਨਾ ਪਕੜੀ ਬਾਂਹ ਆ ਕੇ
ਆਸਾਂ ਲਾਈਆਂ ਸੀ ਉਂਝ ਬਥੇਰਿਆਂ ਤੇ

ਅੱਖਾਂ ਫੇਰ ਗਏ ਆਪਣੇ ਲੋਕ ਸਾਰੇ
ਜੀਂਦਾ ਰਿਹਾ ਭਰੋਸਿਆਂ ਤੇਰਿਆਂ ਤੇ

ਮੁਸਕਰਾਉਣਾ ਹੀ ਫੁੱਲ ਦਾ 'ਕਰਮ' ਹੁੰਦੈ
ਕਰਦਾ ਸ਼ਿਕਵੇ ਨਹੀਂ ਕੰਡੇਰਿਆਂ ਤੇ

ਤੇਰੇ ਜਿਹਾ ਨਾ ਵੇਖਿਆ ਹੋਰ ਕੋਈ
ਨਿਗ੍ਹਾ ਮਾਰੀ ਜਾ ਚਾਰ ਚੁਫੇਰਿਆਂ ਤੇ

***